Paper V :
Humanities : 'Punjabi Compulsory 'B'

Contents

Lesson 1	:	Shabad jorr te shabad jorran de nem
Lesson 2	:	Reporting karna (Samachar) ate rasami patar vihar te hor
Lesson 3	:	Noun te us dian kisaman, ling, vachan, karak.
Lesson 4	:	Parrian (Drama)

Writer:
Dr. Prithvi Raj Thapar

SCHOOL OF OPEN LEARNING
UNIVERSITY OF DELHI
5, Cavalry Lane, Delhi-110007

Academic Session 2010-2011, 1000 copies

© School of Open Learning

Published by : Executive Director, School of Open Learning, 5 Cavalry Lane, Delhi-110 007
Printed at : M/s. Arihant Offset, B-8, Suneja Tower-II, District Centre, Janakpuri, New Delhi-110 020
Phone : 011-41588666 / 777

1. ਸ਼ਬਦ-ਜੋੜ ਅਤੇ ਸ਼ਬਦ ਜੋੜਾਂ ਦੇ ਨੇਮ

ਪਿਆਰੇ ਵਿਦਿਆਰਥੀਓ, ਇਸ ਪਾਠ ਵਿਚ ਅਸੀਂ ਸ਼ਬਦ-ਜੋੜਾਂ ਦੀ ਵਰਤੋਂ ਅਤੇ ਇਨ੍ਹਾਂ ਬਾਰੇ ਪੈਦਾ ਹੁੰਦੇ ਭੁਲੇਖਿਆਂ ਨੂੰ ਦੂਰ ਕਰਨ ਉੱਪਰ ਵੇਰਵੇ ਸਹਿਤ ਚਰਚਾ ਕਰਾਂਗੇ। ਸ਼ਬਦ-ਜੋੜ ਕੀ ਹੁੰਦੇ ਹਨ ਅਤੇ ਇਨ੍ਹਾਂ ਦੇ ਨੇਮ ਕਿਸ ਤਰ੍ਹਾਂ ਲਾਗੂ ਹੁੰਦੇ ਹਨ, ਇਸ ਪੱਖ ਨੂੰ ਵਿਚਾਰਨ ਤੋਂ ਪਹਿਲਾਂ ਇਹ ਜ਼ਰੂਰੀ ਜਾਪਦਾ ਹੈ ਕਿ ਅਸੀ ਪੰਜਾਬੀ ਭਾਸ਼ਾ, ਸ਼ਬਦ ਅਤੇ ਉਚਾਰ ਬਾਰੇ ਸੰਖੇਪ ਜਿਹੀ ਜਾਣਕਾਰੀ ਹਾਸਲ ਕਰ ਲਈਏ। ਅਸੀਂ ਜਦੋਂ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਜਿਨ੍ਹਾਂ ਸ਼ਬਦਾਂ ਤੇ ਵਾਕਾਂ ਦੀ ਵਰਤੋਂ ਕਰਦੇ ਹਾਂ, ਨੂੰ ਬੋਲੀ ਜਾਂ ਭਾਸ਼ਾ ਕਿਹਾ ਜਾਂਦਾ ਹੈ। ਬੋਲੀ ਦਾ ਅਰਥ ਹੈ, ਬੋਲ ਜਾਂ ਅਵਾਜ਼। ਜੋ ਅਸੀ ਬੋਲਦੇ ਹਾਂ, ਉਹ ਸ਼ਬਦ ਬਣ ਜਾਂਦੇ ਹਨ। ਇਸ ਲਈ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦੂਜਿਆਂ ਤੱਕ ਆਪਣੇ ਵਿਚਾਰਾਂ ਜਾਂ ਭਾਵਾਂ ਨੂੰ ਪਹੁੰਚਾਉਣ ਲਈ ਅਸੀਂ ਸ਼ਬਦਾਂ ਦੀ ਵਰਤੋਂ ਕਰਦੇ ਹਾਂ।

ਇਹ ਵੀ ਇਕ ਪ੍ਰਮਾਣਿਕ ਸੱਚਾਈ ਹੈ ਕਿ ਬੋਲਚਾਲ ਦੀ ਬੋਲੀ ਆਮ ਤੌਰ 'ਤੇ ਬਾਰਾਂ ਕੋਹਾਂ 'ਤੇ ਬਦਲ ਜਾਂਦੀ ਹੈ। ਇਸ ਦੀ ਇਤਿਹਾਸਕਤਾ ਬਾਰੇ ਵੀ ਕਈ ਭੁਲੇਖੇ ਹਨ ਪਰ ਬਹੁਤੇ ਵਿਦਵਾਨ ਇਸ ਤੱਥ ਨਾਲ ਸਹਿਮਤ ਹਨ ਕਿ ਇੰਡੋ-ਯੂਰਪੀਨ ਵੰਸ਼ ਦੀ ਭਾਸ਼ਾ ਕਈ ਪੜਾਵਾਂ 'ਚੋਂ ਗੁਜ਼ਰਦੀ ਹੋਈ ਪੰਜਾਬੀ ਦੇ ਮੌਜੂਦਾ ਰੂਪ 'ਚ ਪਹੁੰਚੀ ਹੈ। ਪੰਜਾਬੀ ਦੀਆਂ ਅੱਗੇ ਕਈ ਉੱਪ-ਬੋਲੀਆਂ ਹਨ, ਜਿਵੇਂ ਮਾਝੀ, ਦੁਆਬੀ, ਮਲਵਈ, ਪੋਠੋਹਾਰੀ, ਲਹਿੰਦੀ, ਮੁਲਤਾਨੀ ਅਤੇ ਝੰਗੀ। ਅਜੋਕੇ ਪੰਜਾਬ 'ਚ ਸਿਰਫ਼ ਮਾਝੀ, ਮਲਵਈ ਤੇ ਦੁਆਬੀ ਹੀ ਬੋਲੀਆਂ ਜਾਂਦੀਆਂ ਹਨ। ਪੰਜਾਬੀ ਭਾਸ਼ਾ ਨੂੰ ਭਾਰਤੀ ਸੰਵਿਧਾਨ ਦੀਆਂ ਪ੍ਰਮਾਣਿਤ ਬੋਲੀਆਂ ਵਿਚ ਸ਼ਾਮਲ ਹੋਣ ਦਾ ਮਾਣ ਹਾਸਲ ਹੈ। ਇਸ ਨੇ ਅੰਗਰੇਜ਼ੀ, ਅਰਬੀ, ਫ਼ਾਰਸੀ, ਹਿੰਦੀ ਅਤੇ ਹੋਰਨਾਂ ਬੋਲੀਆਂ ਦੇ ਸ਼ਬਦਾਂ ਨੂੰ ਤਤਸਮ ਜਾਂ ਤਦਭਵ ਰੂਪ 'ਚ ਅੰਗੀਕਾਰ ਕੀਤਾ ਹੈ। ਚਿੰਨ੍ਹਾਂ (ਅੱਖਰਾਂ) ਦੁਆਰਾ ਲਿਖੀ ਜਾਣ ਵਾਲੀ ਬੋਲੀ ਅੱਗੋਂ ਭਾਂਤ-ਭਾਂਤ ਦੀਆਂ ਅਵਾਜ਼ਾਂ ਪੈਦਾ ਕਰਦੀ ਹੈ।

ਪੰਜਾਬੀ ਬੋਲੀ ਨੂੰ ਗੁਰਮੁਖੀ ਲਿੱਪੀ ਰਾਹੀਂ ਲਿਖਿਆ ਜਾਂਦਾ ਹੈ। ਇਹ ਗੱਲ ਸੱਚ ਹੈ ਕਿ ਕੋਈ ਵੀ ਵਿਚਾਰ ਸਹੀ ਅਤੇ ਯੋਗ ਬੋਲੀ ਬਿਨਾ ਪ੍ਰਗਟ ਨਹੀਂ ਹੋ ਸਕਦਾ। ਭਾਸ਼ਾ ਨੂੰ ਸ਼ੁੱਧ ਅਤੇ ਅਸਰਦਾਰ ਬਣਾਉਣ ਲਈ ਵਿਆਕਰਨ ਦੀ ਲੋੜ ਹੁੰਦੀ ਹੈ। ਭਾਸ਼ਾ ਲਿਖਣ ਲਈ ਅੱਖਰਾਂ, ਲਗਾਂ ਤੇ ਲਗਾਖਰਾਂ ਦੀ ਸੋਝੀ ਹੋਣੀ ਲਾਜ਼ਮੀ ਹੈ। ਸ਼ਬਦ ਬੋਧ ਅਤੇ ਵਾਕ ਬੋਧ ਦਾ ਗਿਆਨ ਭਾਸ਼ਾ ਵਿਚ ਪ੍ਰਪੱਕਤਾ ਲਿਆਉਂਦਾ ਹੈ। ਇਹ ਸ਼ਬਦ ਹੀ ਹੁੰਦੇ ਹਨ ਜੋ ਸ਼ੁੱਧ ਵਾਕਾਂ ਤੋਂ ਸ਼ੁੱਧ ਪਾਠ ਤੱਕ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਭਾਸ਼ਾ, ਭਾਸ਼ਾ ਵਿਗਿਆਨ ਅਤੇ ਵਿਆਕਰਨ ਨਾਲ ਸੰਬੰਧਤ ਹੁੰਦੀ ਹੈ। ਵਿਆਕਰਨ ਦਾ ਇਤਿਹਾਸ ਸੰਸਕ੍ਰਿਤ ਭਾਸ਼ਾ ਵਿਚ ਪਾਣਿਨੀ ਨਾਲ ਜਾ ਜੁੜਦਾ ਹੈ।

ਸ਼ਬਦ ਜੋੜਾਂ ਦੇ ਨੇਮਾਂ ਦੀ ਲੋੜ ਕਿਉਂ ਮਹਿਸੂਸ ਕੀਤੀ ਗਈ, ਇਸ ਦੇ ਜਵਾਬ 'ਚ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਦਾ ਸ਼ੁੱਧ ਰੂਪ ਬਰਕਰਾਰ ਰੱਖਣ ਲਈ ਇਹ ਜ਼ਰੂਰੀ ਹਨ। ਟਕਸਾਲੀ ਬੋਲੀ ਨੂੰ ਕਿਸੇ ਭਾਸ਼ਾ ਦਾ ਪ੍ਰਮਾਣਿਕ ਰੂਪ ਮੰਨਿਆ ਜਾਂਦਾ ਹੈ। ਪੰਜਾਬੀ ਵਿਚ ਲਾਹੌਰ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੀ ਬੋਲੀ ਨੂੰ ਟਕਸਾਲੀ ਬੋਲੀ ਮੰਨਿਆ ਗਿਆ ਹੈ। ਕਿਸੇ ਵੀ ਰਚਨਾ ਨੂੰ ਸ਼ੁੱਧ ਭਾਸ਼ਾ 'ਚ ਲਿਖਣ ਲਈ ਕੁਝ ਨੇਮਾਂ ਦਾ ਖ਼ਾਸ ਧਿਆਨ ਰੱਖਣਾ ਹੁੰਦਾ ਹੈ। ਸ਼ਬਦਾਂ ਦਾ ਸ਼ੁੱਧ ਟਕਸਾਲੀ ਉਚਾਰਨ ਹੋਣਾ ਚਾਹੀਦਾ ਹੈ। ਅੱਖਰਾਂ, ਲਗਾਂ ਅਤੇ ਲਗਾਖਰਾਂ ਦੀ ਯੋਗ ਵਰਤੋਂ ਨਾਲ ਇਹ ਸੰਭਵ ਹੋ ਸਕਦਾ ਹੈ। ਵਾਕ ਬਣਾਉਣ ਸਮੇਂ ਵਿਆਕਰਨਕ ਨੇਮਾਂ ਦਾ ਧਿਆਨ ਰੱਖਣਾ ਹੁੰਦਾ ਹੈ। ਢੁਕਵੇਂ ਵਿਸ਼ਰਾਮ-ਚਿੰਨ੍ਹਾਂ ਦੀ ਸੁਯੋਗ ਵਰਤੋਂ ਨਾਲ ਭਾਸ਼ਾ ਨੂੰ ਸ਼ੁੱਧ ਰੂਪ ਦੇਣ 'ਚ ਮਦਦ ਮਿਲਦੀ ਹੈ।

ਪਿਆਰੇ ਵਿਦਿਆਰਥੀਓ, ਇਥੇ ਇਹ ਦੱਸ ਦੇਣਾ ਵੀ ਅਸੀਂ ਜ਼ਰੂਰੀ ਸਮਝਦੇ ਹਾਂ ਕਿ ਪੰਜਾਬੀ ਵਿਭਾਗ, ਪਟਿਆਲਾ ਦੇ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਨੂੰ ਵਿਆਕਰਨਕ ਨੇਮਾਂ ਅਨੁਸਾਰ ਸ਼ੁੱਧ ਰੂਪ 'ਚ ਲਿਖਣ ਉੱਪਰ ਜ਼ੋਰ ਦਿੱਤਾ ਹੈ। ਇਹ ਗੱਲ ਵੀ ਵਿਆਕਰਨਕ ਤੌਰ 'ਤੇ ਠੀਕ ਨਹੀਂ ਸਮਝੀ ਜਾਂਦੀ ਕਿ ਜਿਵੇਂ ਬੋਲਿਆ ਜਾਵੇ, ਉਸੇ ਤਰ੍ਹਾਂ ਹੀ ਲਿਖਿਆ ਜਾਵੇ। ਇਸ ਲਈ ਟਕਸਾਲੀ ਬੋਲੀ ਨੂੰ ਵਧੇਰੇ ਮਾਨਤਾ ਹਾਸਲ ਹੈ। ਮਿਸਾਲ ਵਜੋਂ ਦੁਆਬੇ 'ਚ ਬੋਲਣ ਵਾਲਾ 'ਬ' ਅੱਖਰ ਅਤੇ ਮਾਲਵੇ ਦਾ 'ਵ'

ਅੱਖਰ ਕਈ ਵਾਰ ਭੁਲੇਖਾ ਪਾਉਂਦੇ ਹਨ ਪਰ ਵਿਆਕਰਨ ਨੇਮਾਂ ਅਨੁਸਾਰ 'ਵ' ਅੱਖਰ ਨੂੰ ਟਕਸਾਲੀ ਅੱਖਰ ਦਾ ਦਰਜਾ ਦੇ ਦਿੱਤਾ ਗਿਆ ਹੈ। ਇਸੇ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸ਼ਬਦ ਹਨ, ਜਿਨ੍ਹਾਂ ਦਾ ਹੱਲ ਕੱਢ ਲਿਆ ਗਿਆ ਹੈ। ਦੁਆਬੀ ਬੋਲੀ ਦੇ ਸ਼ਬਦਾਂ :-

ਬਾਧਾ, ਬਾਜਾ, ਬੱਡਾ

ਨੂੰ ਮਲਵਈ ਬੋਲੀ 'ਚ ਸ਼ੁੱਧ ਰੂਪ 'ਚ

ਵਾਧਾ, ਵਾਜਾ, ਵੱਡਾ ਲਿਖਣਾ ਠੀਕ ਹੈ।

ਮਲਵਈ ਤੇ ਦੁਆਬੀ ਬੋਲੀਆਂ ਵਿਚ ਹੀ ਨਹੀਂ ਬਲਕਿ ਪੋਠੋਹਾਰੀ ਦੇ ਵੀ ਬਹੁਤੇ ਸ਼ਬਦ ਅਜਿਹੇ ਹਨ ਜੋ ਟਕਸਾਲੀ ਬੋਲੀ 'ਤੇ ਖਰੇ ਨਹੀਂ ਉਤਰਦੇ। ਜਿਵੇਂ

ਗਾਸਾਂ, ਖਾਸਾਂ, ਹੋਸਾਂ ਆਦਿ ਨੂੰ ਟਕਸਾਲੀ ਬੋਲੀ 'ਚ

ਗਾਵਾਂਗਾ, ਖਾਵਾਂਗਾ, ਹੋਵਾਂਗਾ ਆਦਿ ਸ਼ੁੱਧ ਰੂਪ 'ਚ ਲਿਖਿਆ ਜਾਂਦਾ ਹੈ।

ਪਿਆਰੇ ਵਿਦਿਆਰਥੀਓ, ਤੁਹਾਡੀ ਜਾਣਕਾਰੀ ਲਈ ਦੱਸ ਦੇਣਾ ਬਹੁਤ ਜ਼ਰੂਰੀ ਹੈ ਕਿ ਸ਼ੁੱਧ ਲਿਖਾਈ ਲਿਖਣ ਲਈ ਉਤਪੰਨ ਸ਼ਬਦ ਦੇ ਧਾਤੂ ਦਾ ਵਿਸ਼ੇਸ਼ ਧਿਆਨ ਰੱਖਣਾ ਪੈਦਾ ਹੈ। ਅਜਿਹਾ ਨਾ ਕਰਨ 'ਤੇ ਅਸੀਂ ਭੁਲੇਖੇ ਦਾ ਸ਼ਿਕਾਰ ਹੋ ਸਕਦੇ ਹਾਂ। ਇਸ ਦੀ ਯੋਗ ਵਰਤੋਂ ਨਾਲ਼ ਹੀ ਅਸੀਂ ਅਸਰਦਾਰ ਸ਼ਬਦਾਵਲੀ ਲਿਖਣ ਦੇ ਯੋਗ ਹੋ ਸਕਦੇ ਹਾਂ। ਹੇਠਾਂ ਅਸੀਂ ਇਸ ਦ੍ਰਿਸ਼ਟੀ ਤੋਂ ਸਹੀ ਸ਼ਬਦਾਂ ਦਾ ਪ੍ਰਯੋਗ ਵੇਖ ਸਕਦੇ ਹਾਂ। ਜਿਵੇਂ :

ਅਕੱਲਾ ਗ਼ਲਤ ਰੂਪ ਹੈ, ਇਕ ਧਾਤੂ ਤੋਂ ਇਕੱਲਾ ਠੀਕ ਹੈ।

'ਚਕਾਈਂ' ਗ਼ਲਤ ਰੂਪ ਹੈ, ਚੁੱਕ ਧਾਤੂ ਤੋਂ

'ਚੁਕਾਈਂ' ਠੀਕ ਹੈ।

'ਘਢਾਈਂ' ਗ਼ਲਤ ਰੂਪ ਹੈ, ਕੱਢ ਧਾਤੂ ਤੋਂ

'ਕਢਾਈਂ' ਠੀਕ ਹੈ।

'ਝੜਾਈਂ' ਗ਼ਲਤ ਰੂਪ ਹੈ, 'ਚੜ੍ਹ' ਧਾਤੂ ਤੋਂ

'ਚੜ੍ਹਾਈਂ' ਠੀਕ ਹੈ।

ਪਿਆਰੇ ਵਿਦਿਆਰਥੀਓ ਦੂਜੀਆਂ ਭਾਸ਼ਾਵਾਂ ਤੋਂ ਪੰਜਾਬੀ ਭਾਸ਼ਾ 'ਚ ਆਏ ਸ਼ਬਦਾਂ ਦੀ ਵਰਤੋਂ ਸਮੇਂ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਪਰ ਪੰਜਾਬੀ ਦੇ ਵਿਆਕਰਨਕ ਨੇਮਾਂ ਅਨੁਸਾਰ ਇਹਨਾਂ ਦਾ ਹੱਲ ਕੱਢ ਲਿਆ ਗਿਆ ਹੈ। ਹਿੰਦੀ ਭਾਸ਼ਾ 'ਚੋਂ ਲਏ ਗਏ ਸ਼ਬਦ-ਜੋੜ ਬਹੁਤ ਸਾਰੇ ਸ਼ਬਦਾਂ ਵਿਚ ਹਿੰਦੀ ਸ਼ਬਦਾਂ ਦੇ ਪੰਜਾਬੀ 'ਚ ਇਸਤੇਮਾਲ ਸਮੇਂ ਸਿਹਾਰੀ ਖ਼ਤਮ ਹੋ ਜਾਂਦੀ ਹੈ। ਜਿਵੇਂ ਆਤਮਿਕ, ਆਰਥਿਕ, ਸਮਾਜਿਕ, ਸੁਧਿ ਤੇ ਸੰਪਾਦਿਕ ਆਦਿ ਸ਼ਬਦਾਂ ਨਾਲੋਂ ਸਿਹਾਰੀ ਹਟ ਕੇ ਆਤਮਕ, ਸਮਾਜਕ, ਸੁਧ ਤੇ ਸੰਪਾਦਕ ਲਿਖਣ ਨੂੰ ਮਾਨਤਾ ਮਿਲ ਚੁੱਕੀ ਹੈ।

ਫ਼ਾਰਸੀ-ਅਰਬੀ ਭਾਸ਼ਾ 'ਚੋਂ ਲਏ ਗਏ ਸ਼ਬਦ-ਜੋੜ

1. ਹਰ ਭਾਸ਼ਾ ਨੂੰ ਅਮੀਰ ਬਣਾਉਣ ਲਈ ਉਸ ਨੂੰ ਦੂਜੀਆਂ ਭਾਸ਼ਾਵਾਂ ਤੋਂ ਵੀ ਕੁਝ ਸ਼ਬਦ ਉਧਾਰੇ ਲੈਣੇ ਪੈਦੇ ਹਨ ਜਾਂ ਫਿਰ ਨਵੇਂ ਸ਼ਬਦਾਂ ਦੀ ਰਚਨਾ ਕਰਨੀ ਪੈਦੀ ਹੈ। ਪੰਜਾਬੀ ਭਾਸ਼ਾ ਉੱਪਰ ਫ਼ਾਰਸੀ ਦੀ ਸ਼ਬਦਾਵਲੀ ਦਾ ਬਹੁਤ ਪ੍ਰਭਾਵ ਹੈ। ਅਸੀਂ ਬਹੁਤ ਸੌਰੇ ਸ਼ਬਦ ਫ਼ਾਰਸੀ ਤੋਂ ਅਪਣਾਏ ਹਨ। ਹੁਣ ਅਸੀਂ ਇਹਨਾਂ ਸ਼ਬਦਾਂ ਦੀ ਯੋਗ ਵਰਤੋਂ ਉੱਪਰ ਚਰਚਾ ਕਰਾਂਗੇ। ਫ਼ਾਰਸੀ-ਅਰਬੀ ਸ਼ਬਦਾਂ ਨੂੰ ਜਦੋਂ ਪੰਜਾਬੀ ਭਾਸ਼ਾ 'ਚ ਵਰਤੋਂ 'ਚ ਲਿਆਂਦਾ ਜਾਂਦਾ ਹੈ ਤਾਂ ਇਹਨਾਂ ਨਾਲ ਲੱਗੀ ਜ਼ੇਰ ਹਟ ਜਾਂਦੀ ਹੈ ਜਿਵੇਂ ਸ਼ਾਮਿਲ, ਕੋਸ਼ਿਸ਼ ਅਤੇ ਵਰਜਿਸ਼ ਆਦਿ ਸ਼ਬਦ ਨੂੰ 'ਪੰਜਾਬੀ 'ਚ ਸ਼ਾਮਲ, ਕੋਸ਼ਸ਼, ਵਰਜਸ਼ ਆਦਿ ਲਿਖਿਆ ਜਾਂਦਾ ਹੈ।

2. ਅਰਬੀ ਫ਼ਾਰਸੀ ਦੇ ਕਈ ਅਜਿਹੇ ਸ਼ਬਦ ਹਨ, ਜਿਨ੍ਹਾਂ ਦੇ ਸ਼ੁਰੂ 'ਚ ਲੱਗੀ ਸਿਹਾਰੀ ਬੋਲਣ ਸਮੇਂ ਭਾਵੇਂ ਖ਼ਤਮ

ਹੋ ਜਾਂਦੀ ਹੈ ਪਰ ਲਿਖਤੀ ਰੂਪ ਵਿਚ ਇਸ ਨੂੰ ਯੋਗ ਸਮਝਿਆ ਜਾਂਦਾ ਹੈ, ਜਿਵੇਂ ਕਿਤਾਬ, ਹਿਸਾਬ ਆਦਿ ਸ਼ਬਦ ਜੋੜ ਦਰੁਸਤ ਮੰਨੇ ਜਾਂਦੇ ਹਨ।

3. ਫ਼ਾਰਸੀ 'ਚ ਭਾਸ਼ਾ ਤੋਂ 'ਕਮ' ਤੇ 'ਬੇ' ਸ਼ਬਦਾਂ ਨੂੰ ਪੰਜਾਬੀ ਵਿਚ ਅਗੇਤਰ ਵਜੋਂ ਵਰਤਣਾ ਜਾਇਜ਼ ਮੰਨਿਆ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਕਮ ਅਗੇਤਰ ਨੂੰ ਨਵਾਂ ਦੇ ਨਾਲ ਜੋੜ ਕੇ ਹੇਠ ਲਿਖੇ ਸ਼ਬਦ-ਜੋੜ ਬਣਾਏ ਜਾ ਸਕਦੇ ਹਨ :-

ਕਮਦਿਮਾਗ, ਕਮਜ਼ਾਤ, ਕਮਵਜ਼ਨ ਆਦਿ।

'ਬੇਂ' ਅਗੇਤਰ ਲਗਾ ਕੇ ਅਜਿਹੇ ਸ਼ਬਦ-ਜੋੜ ਬਣਦੇ ਹਨ। ਜਿਵੇਂ :

ਬਰਫ਼ਖ਼ਾਨਾ, ਜੇਲ੍ਹਖਾਨਾ, ਦੌਲਤਖ਼ਾਨਾ ਆਦਿ।

ਸੰਸਕ੍ਰਿਤ ਭਾਸ਼ਾ ਤੋਂ ਲਏ ਗਏ ਸ਼ਬਦ-ਜੋੜ :-

ਪੰਜਾਬੀ ਭਾਸ਼ਾ ਵਿਚ ਸੰਸਕ੍ਰਿਤ ਭਾਸ਼ਾ ਤੋਂ ਬਹੁਤ ਸਾਰੇ ਸ਼ਬਦ ਲਏ ਗਏ ਹਨ ਪਰ ਇਨ੍ਹਾਂ ਨੂੰ ਵਰਤਣ ਦੇ ਬਹੁਤ ਸਾਰੇ ਭੁਲੇਖੇ ਹਨ। ਮੁੱਖ ਤੌਰ 'ਤੇ ਸ਼ਬਦ ਦੇ ਅਖੀਰ 'ਚ 'ਯ' ਅੱਖਰ ਵਾਲੇ ਸ਼ਬਦਾਂ ਦਾ ਭੁਲੇਖਾ ਦੂਰ ਹੋਣਾ ਬਹੁਤ ਮਹੱਤਵਪੂਰਨ ਹੈ।

1. ਸੰਸਕ੍ਰਿਤ ਸ਼ਬਦਾਂ ਦੇ ਅਖ਼ੀਰ 'ਚ ਲੱਗਿਆ ਵਿਅੰਜਨ 'ਯ' ਪੰਜਾਬੀ ਸ਼ਬਦਾਂ ਦੇ ਤਦਭਵ ਰੂਪ 'ਚ 'ਜ' ਬਣ ਜਾਂਦਾ ਹੈ। ਜਿਵੇਂ :-

ਸੂਰਯ, ਸੂਰਜ ਵਿਚ ਤਬਦੀਲ ਹੋ ਜਾਂਦਾ ਹੈ।

ਧੈਰਯ ਦਾ ਧੀਰਜ ਬਣ ਜਾਂਦਾ ਹੈ

ਅਤੇ ਪੂਜਯ, ਪੂਜ ਵਿਚ ਰੂਪਾਂਤਰਿਤ ਹੋ ਜਾਂਦਾ ਹੈ।

ਪਿਆਰੇ ਵਿਦਿਆਰਥੀਓ, ਇਥੇ ਇਹ ਗੱਲ ਸਪੱਸ਼ਟ ਕਰ ਦੇਣੀ ਬਹੁਤ ਜ਼ਰੂਰੀ ਹੈ ਕਿ ਇਹਨਾਂ ਸ਼ਬਦਾਂ ਦਾ ਉਚਾਰਨ ਅਤੇ ਲਿਖਤੀ ਰੂਪ ਪੰਜਾਬੀ ਵਿਚ ਇਕਸਾਰ ਰਹਿੰਦਾ ਹੈ।

2. ਪੰਜਾਬੀ ਦੇ ਬਹੁਤੇ ਸ਼ਬਦਾਂ ਵਿਚ ਸੰਸਕ੍ਰਿਤ ਦੇ 'ਯ' ਦਾ ਉਚਾਰਨ ਅਤੇ ਲਿਖਤ ਰੂਪ ਤਕਰੀਬਨ ਖ਼ਤਮ ਹੋ ਚੁੱਕਾ ਹੈ। ਜਿਵੇਂ :-

ਪਰਿਯ, ਪਿਆਰਾ ਸ਼ਬਦ ਦਾ ਰੂਪ ਧਾਰ ਲੈਂਦਾ ਹੈ।

ਵਿਸ਼ਯ ਤੋਂ ਵਿਸ਼ਾ ਬਣ ਜਾਂਦਾ ਹੈ।

ਵਾਕਯ ਨੂੰ ਵਾਕ ਲਿਖ ਲਿਆ ਜਾਂਦਾ ਹੈ।

ਕਨਯਾ, ਕੰਨਿਆ ਵਿਚ ਤਬਦੀਲ ਹੋ ਜਾਂਦਾ ਹੈ।

ਵਿਦਿਯ ਦਾ ਪੰਜਾਬੀ ਰੂਪ ਵਿੱਦਿਆ ਹੈ।

ਪੰਜਾਬੀ ਸ਼ਬਦਾਂ ਨਾਲ ਲਗਾਂ, ਮਾਤਰਾਵਾਂ ਲਗਾ ਕੇ ਵੀ ਸੰਸਕ੍ਰਿਤ ਦੇ ਅਖੀਰਲੇ 'ਯ' ਵਾਲਾ ਕੰਮ ਸਾਰ ਲਿਆ ਜਾਂਦਾ ਹੈ। ਜਿਵੇਂ :-

ਸਾਂਯ ਤੋਂ ਸ਼ਾਮ, ਆਸ਼ਰਯ ਤੋਂ ਆਸਰਾ, ਮਨੁਸ਼ਯ ਤੋਂ ਮਨੁੱਖ ਆਦਿ।

ਸੰਸਕ੍ਰਿਤ ਦਾ 'ਯ' ਪੰਜਾਬੀ ਸ਼ਬਦਾਂ ਵਿਚ 'ਅ' ਦਾ ਰੂਪ ਧਾਰਨ ਕਰ ਲੈਂਦਾ ਹੈ। ਜਿਵੇਂ :-

ਕਯੋਂ ਤੋਂ ਕਿਉਂ, ਜਯੋਂ ਤੋਂ ਜਿਉਂ ਅਤੇ ਤਯੋਂ ਤੋਂ ਤਿਉਂ ਬਣ ਜਾਂਦਾ ਹੈ।

3. ਸੰਸਕ੍ਰਿਤ ਭਾਸ਼ਾ 'ਚੋਂ ਲਏ ਗਏ ਤਤਸਮ ਸ਼ਬਦਾਂ ਦੇ ਸ਼ੁਰੂ ਦੇ ਸੰਜੁਕਤ ਵਿਅੰਜਨਾਂ ਵਿਚੋਂ ਕੁਝ ਕੁ ਹੀ ਸੰਜੁਕਤ ਰੂਪ 'ਚ ਲਿਖਣਯੋਗ ਸਮਝੇ ਜਾਂਦੇ ਹਨ। ਜਿਵੇਂ :-

ਪ੍ਰਿਥਵੀ, ਪ੍ਰਕਿਰਤੀ, ਪ੍ਰਮਾਣ, ਪ੍ਰਤੀਨਿਧੀ ਆਦਿ।

4. ਸੰਸਕ੍ਰਿਤ ਦੇ ਕਈ ਸ਼ਬਦ ਸੰਧੀ ਰੂਪ ਵਿਚ ਲਿਖੇ ਜਾ ਰਹੇ ਹਨ। ਜਿਵੇਂ :-

ਹਿਮਾਲਿਆ, ਧਰਮਾਤਮਾ, ਪਰਮਾਤਮਾ, ਮਹਿੰਦਰ, ਸਰਵੋਤਮ, ਮਹਾਰਿਸ਼ੀ, ਪਰਮੇਸ਼ਵਰ, ਪਾਠਸ਼ਾਲਾ ਆਦਿ।

ਉਪਰੋਕਤ ਚਰਚਾ ਤੋਂ ਇਹ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਸਾਡੇ ਭਾਸ਼ਾ ਵਿਗਿਆਨੀਆਂ ਨੇ ਸੰਸਕ੍ਰਿਤ ਤੋਂ ਲਏ ਗਏ ਸ਼ਬਦਾਂ ਬਾਰੇ ਪੈਦਾ ਹੋਏ ਭੁਲੇਖਿਆਂ ਨੂੰ ਕਾਫ਼ੀ ਹੱਦ ਤੱਕ ਸੁਲਝਾ ਲਿਆ ਹੈ। ਪਰ ਇਸ ਦੇ ਬਾਵਜੂਦ ਸਾਨੂੰ ਇਨ੍ਹਾਂ ਦੇ ਇਸਤੇਮਾਲ ਸਮੇਂ ਇਹਤਿਆਤ ਵਰਤਣ ਦੀ ਲੋੜ ਹੈ। ਦੂਜੀ ਭਾਸ਼ਾ ਤੋਂ ਲਏ ਗਏ ਸ਼ਬਦਾਂ ਦੀ ਯੋਗ ਤੇ ਸੁਚਾਰੂ ਵਰਤੋਂ ਨਾਲ ਹੀ ਅਸੀਂ ਇਕ ਪ੍ਰਭਾਵਸ਼ਾਲੀ ਸ਼ਬਦਾਵਲੀ ਦੀ ਰਚਨਾ ਕਰ ਸਕਦੇ ਹਾਂ।

ਪਿਆਰੇ ਵਿਦਿਆਰਥੀਓ, ਇਹਨਾਂ ਭਾਸ਼ਾਵਾਂ ਦੇ ਨਾਲ-ਨਾਲ ਅੰਗਰੇਜ਼ੀ ਭਾਸ਼ਾ ਤੋਂ ਵੀ ਬਹੁਤ ਸਾਰੇ ਸ਼ਬਦ ਪੰਜਾਬੀ ਭਾਸ਼ਾ ਵਿਚ ਪ੍ਰਵਾਨ ਕਰ ਲਏ ਗਏ ਹਨ। ਤਤਸਮ ਰੂਪ ਵਿਚ ਕਾਲਜ, ਸਕੂਲ, ਇੰਜੀਨੀਅਰ, ਟੈਲੀਫ਼ੋਨ, ਮੋਟਰ, ਮਸ਼ੀਨ, ਡਿਗਰੀ, ਕਰਫਿਊ, ਗੈਸ, ਪੁਲਿਸ, ਟੈਕਸੀ, ਸਕੂਟਰ ਆਦਿ।

ਸ਼ਬਦ-ਜੋੜਾਂ ਦੀ ਵਰਤੋਂ ਦੌਰਾਨ 'ਓ', 'ਅ' ਤੇ 'ਏ' ਨਾਲ ਵੱਖੋ-ਵੱਖਰੀਆਂ ਲਗਾਂ ਦੇ ਇਸਤੇਮਾਲ ਨੂੰ ਲੈ ਕੇ ਵੀ ਕਈ ਭੁਲੇਖੇ ਪੈਂਦੇ ਹਨ। ਵਿਦਿਆਰਥੀਆਂ ਨੂੰ ਇਹਨਾਂ ਬਾਰੇ ਪੂਰਣ ਗਿਆਨ ਹੋਣਾ ਲਾਜ਼ਮੀ ਹੈ। ਇਨ੍ਹਾਂ ਦੇ ਕੁਝ ਖ਼ਾਸ ਨੇਮ ਹੇਠ ਲਿਖੇ ਅਨੁਸਾਰ ਹਨ।

1. 'ਓ' ਨਾਲ ਔਕੜ, ਦੁਲੈਂਕੜ ਤੇ ਹੋੜਾ ਤਿੰਨ ਲਗਾਂ ਲਗਦੀਆਂ ਹਨ। ਜਿਵੇਂ ਉਮਰ, ਊਣਾ, ਓਧਰ।

2. 'ਅ' ਨੂੰ ਮੁਕਤਾ, ਕੰਨਾ, ਦੋਲਾਵਾਂ ਤੇ ਕਨੌੜਾ ਲਗਦਾ ਹੈ। ਜਿਵੇਂ :- ਅਮਰ, ਆਸ਼ਰਮ, ਐਸ਼, ਔਰਤ ਆਦਿ।

3. 'ਏ' ਨੂੰ ਸਿਰਫ਼ ਸਿਹਾਰੀ, ਬਿਹਾਰੀ ਅਤੇ ਲਾਂਵ ਮਾਤਰਾਵਾਂ ਲਗਾਈਆਂ ਜਾਂਦੀਆਂ ਹਨ। ਜਿਵੇਂ :- ਇੱਕ, ਈਰਖਾ, ਏਕਤਾ ਆਦਿ।

ਸੋ ਸਪਸ਼ਟ ਹੈ ਕਿ ਉਪਰੋਕਤ ਨੇਮਾਂ ਦੀ ਉਲੰਘਣਾ ਕਰਕੇ ਜੇਕਰ ਅਸੀਂ ਸ਼ਬਦ-ਜੋੜ ਬਣਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਅਰਥਾਂ ਦਾ ਅਨਰਥ ਹੋ ਸਕਦਾ ਹੈ। ਜਿਵੇਂ 'ਅ' ਨੂੰ ਲਾਂਵ ਲਗਾ ਕੇ ਜੇਕਰ 'ਐਕਤਾ' ਲਿਖਣ ਦੀ ਗ਼ਲਤੀ ਕਰਾਂਗੇ ਤਾਂ ਇਹ ਨਿਰਅਰਥਕ ਸ਼ਬਦ ਬਣ ਕੇ ਰਹਿ ਜਾਏਗਾ। ਭਾਵ 'ਏ' ਅੱਖਰ ਨੂੰ ਲਾਂਵ ਲਾ ਕੇ ਹੀ ਅਸੀਂ ਇਸ ਦਾ ਸ਼ੁੱਧ ਰੂਪ 'ਏਕਤਾ' ਬਣਾ ਸਕਦੇ ਹਾਂ।

ਬਿੰਦੀ ਅਤੇ ਟਿੱਪੀ ਦੀ ਵਰਤੋਂ :-

ੳ, ਅ, ੲ ਦੀਆਂ ਧੁਨੀਆਂ ਨੂੰ ਨੱਕ ਰਾਹੀਂ ਬੋਲਣਾ ਹੋਵੇ ਤਾਂ ਸਿਰਫ਼ ਦੋ ਹੀ ਲਗਾ ਮਾਤਰਾਵਾਂ ਅਜਿਹੀਆਂ ਹਨ, ਜਿਨ੍ਹਾਂ ਨਾਲ ਟਿੱਪੀ ਲਗਾਈ ਜਾਂਦੀ ਹੈ। ਭਾਵ ਮੁਕਤਾ ਅੱਖਰ ਤੇ ਸਿਹਾਰੀ ਨਾਲ ਟਿੱਪੀ ਲਗਾਉਣ ਨੂੰ ਯੋਗ ਸਮਝਿਆ ਜਾਂਦਾ ਹੈ। ਜਿਵੇਂ ਸਿੰਘ, ਦੰਭ, ਮਹੰਤ, ਪੰਡ ਆਦਿ।

ੳ, ਅ, ੲ ਨੂੰ ਛੱਡ ਕੇ ਬਾਕੀ ਅੱਖਰਾਂ ਨਾਲ ਲਗਦੀਆਂ ਚਾਰ ਲਗਾਂ ਭਾਵ ਮੁਕਤਾ, ਸਿਹਾਰੀ, ਬਿਹਾਰੀ, ਔਕੜ ਤੇ ਦੁਲੈਂਕੜ ਨਾਲ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਜਦਕਿ ਬਾਕੀ ਲਗਾਂ ਮਾਤਰਾਵਾਂ ਨਾਲ ਬਿੰਦੀ ਦਾ ਇਸਤੇਮਾਲ ਹੁੰਦਾ ਹੈ।

ਹਿੰਗ, ਸੰਘ, ਉਂਝ, ਭੁੰਡ, ਖੰਘ ਆਦਿ ਗ਼ਲਤ ਹੈ।

ਹਿੰਗ, ਸੰਘ, ਉਂਝ, ਭੁੰਡ, ਖੰਡ ਆਦਿ ਸਹੀ ਰੂਪ ਹੈ।

ਅਨੁਨਾਸਿਕ ਅੱਖਰ ਤੇ ਸ਼ਬਦ-ਜੋੜ :-

ਪੰਜਾਬੀ ਸ਼ਬਦ ਜੋੜਾਂ 'ਚ ਅਨੁਨਾਸਿਕ ਧੁਨੀਆਂ ਦੀ ਸਹੀ ਢੰਗ ਨਾਲ ਵਰਤੋਂ ਕਰਨ ਨਾਲ ਹੀ ਯੋਗ ਸ਼ਬਦ-ਜੋੜ ਬਣਾਏ ਜਾ ਸਕਦੇ ਹਨ। ਨੱਕ ਰਾਹੀਂ ਨਿਕਲਣ ਵਾਲੀਆਂ ਇਨ੍ਹਾਂ ਧੁਨੀਆਂ ਦਾ ਗੰਭੀਰ ਗਿਆਨ ਹੋਣਾ ਚਾਹੀਦਾ ਹੈ। ਨ, ਣ, ਮ, ਤੋਂ ਇਲਾਵਾ ਬਿੰਦੀ ਤੇ ਟਿੱਪੀ ਦੀ ਵਰਤੋਂ ਬਾਰੇ ਬਹੁਤ ਭੁਲੇਖੇ ਹਨ। ਇਨ੍ਹਾਂ ਦਾ ਗਿਆਨ ਹਾਸਲ ਕਰਨ ਲਈ ਬਹੁਤ ਜ਼ਿਆਦਾ ਅਭਿਆਸ ਦੀ ਲੋੜ ਹੈ। ਹੁਣ ਹੇਠਾਂ ਅਸੀਂ ਅਨੁਨਾਸਿਕੀ ਧੁਨੀਆਂ ਦੀ ਯੋਗ ਵਰਤੋਂ ਦਾ ਅਭਿਆਸ ਕਰਾਂਗੇ। ਅਨੁਨਾਸਿਕ

ਅੱਖਰਾਂ ਙ, ਞ, ਣ ਤੇ ਮ ਦੀ ਆਵਾਜ਼ ਨੱਕ ਰਾਹੀਂ ਨਿਕਲਦੀ ਹੈ। ਇਸ ਲਈ ਇਨ੍ਹਾਂ ਅੱਖਰਾਂ ਦੀਆਂ ਲਗਾਂ ਨਾਲ ਟਿੱਪੀ ਜਾਂ ਬਿੰਦੀ ਦੀ ਵਰਤੋਂ ਗ਼ਲਤ ਮੰਨੀ ਜਾਂਦੀ ਹੈ।

ਅਸ਼ੁੱਧ - ਕਹਾਣੀਂ, ਬਿੰਮਲ, ਕਾਣੀਂ, ਚੁਣੀਂ।

ਸ਼ੁੱਧ - ਕਹਾਣੀ, ਬਿਮਲ, ਕਾਣੀ, ਚੁਣੀ।

ਜਿਨ੍ਹਾਂ ਸ਼ਬਦਾਂ ਦੇ ਅਖ਼ੀਰ 'ਚ ਕੋਈ ਅਨੁਨਾਸਕ ਅੱਖਰ ਲੱਗਿਆ ਹੋਏ, ਉਨ੍ਹਾਂ ਦੇ ਸੰਬੋਧਨੀ ਰੂਪ ਨੂੰ ਬਿੰਦੀ ਨਹੀਂ ਲੱਗਦੀ। ਜਿਵੇਂ :-

ਅਸ਼ੁੱਧ - ਓਏ ਪਠਾਨਾਂ !, ਬੱਲੇ ਜਵਾਨਾਂ !

ਸ਼ੁੱਧ - ਓਏ ਪਠਾਨਾ, ਬੱਲੇ ਜਵਾਨਾ

ਅਨੁਨਾਸਕ ਅੱਖਰਾਂ ਤੋਂ ਪਹਿਲਾਂ ਵਰਤੀ ਗਈ ਟਿੱਪੀ ਅੱਧਕ ਦਾ ਕੰਮ ਕਰਦੀ ਹੈ। ਮੰਨ, ਕੰਨ, ਜੰਨ, ਚੰਨ ਆਦਿ ਨੂੰ ਮੱਨ, ਕੱਨ, ਜੱਨ ਤੇ ਚੱਨ ਲਿਖਣਾ ਗ਼ਲਤ ਹੋਏਗਾ।

ਬਿੰਦੀ ਲਾਉਣ ਜਾਂ ਹਟਾਉਣ ਨਾਲ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ। ਜਿਵੇਂ :-

ਸੋਂਦਾ (ਸਾਉਣ ਵਾਲੇ ਦੇ ਸੰਬੰਧ 'ਚ)

ਸੌਂਦਾ (ਖ਼ਰੀਦੋ-ਫ਼ਰੋਖ਼ਤ ਕਰਨੀ)

ਨਾ (ਨਹੀਂ) ਨਾਂ (ਨਾਂਵ)

ਨਾਸਿਕੀ ਵਿਅੰਜਨਾਂ ਨਾਲ ਲੱਗੇ ਸਵਰ ਨੂੰ ਬਿੰਦੀ ਵਿਆਕਰਨ ਲੋੜ ਅਨੁਸਾਰ ਹੀ ਲਾਉਣੀ ਚਾਹੀਦੀ ਹੈ। ਜਿਵੇਂ :-

ਜਿਨ੍ਹਾਂ, ਸ਼ਿੰਗਾਰਨਾਂ ਆਦਿ।

ਪਰ ਵਿਦਿਆਰਥੀਆਂ ਦੇ ਧਿਆਨ ਦੇਣ ਵਾਲੀ ਗੱਲ ਹੈ ਕਿ ਕੁਝ ਸ਼ਬਦਾਂ ਦੀ ਆਖਿਰੀ ਲਗ ਨੂੰ ਬਿੰਦੀ ਨਹੀਂ ਲੱਗਦੀ। ਭਾਵੇਂ ਉਹਨਾਂ ਦਾ ਉਚਾਰਨ ਅਨੁਨਾਸਕੀ ਹੀ ਕਿਉਂ ਨਾ ਹੋਵੇ। ਜਿਵੇਂ :-

ਗੀਨਾ, ਧੰਨਾ, ਛੰਨਾ, ਚੰਨਾ ਆਦਿ।

ਕਈ ਵਾਰ ਟਿੱਪੀ ਲਾਉਣ ਜਾਂ ਨਾ ਲਾਉਣ ਨਾਲ ਸ਼ਬਦਾਂ ਦੇ ਅਰਥਾਂ ਵਿਚ ਅੰਤਰ ਆ ਜਾਂਦਾ ਹੈ। ਜਿਵੇਂ :-

ਜਿੰਦ (ਜਾਨ) ਜਿਦ (ਹੱਠ)

ਸੰਦ (ਔਜਾਰ) ਸਦ (ਗਾਉਣਾ, ਸਦ ਲਾਉਣੀ)

ਬੰਦ (ਕੱਜਿਆ ਹੋਣਾ) ਬਦ (ਬੁਰਾ)

ਜੇਕਰ ਅਨੁਨਾਸਕੀ ਅੱਖਰਾਂ ਨੂੰ ਭਾਵਾਰਥ ਤੋਂ ਨਾਂਵ ਬਣਾ ਦਿੱਤਾ ਜਾਏ ਤਾਂ ਨਾਂਵ ਦੇ ਬਹੁਵਚਨ ਬਣ ਜਾਣ ਦੀ ਸੂਰਤ ਵਿਚ ਨੇਮ ਅਨੁਸਾਰ ਬਿੰਦੀ ਲੱਗਦੀ ਹੈ। ਜਿਵੇਂ :-

ਅੱਗਾ (ਅਗਲਾ), ਅੱਗਾਂ (ਅੱਗ ਦਾ ਬਹੁਵਚਨ)

ਇਕੱਠ (ਲੋਕਾਂ ਦਾ ਸਮੂਹ) ਇਕੱਠਾ (ਇਕੱਠ ਦਾ ਬਹੁਵਚਨ)

ਉੱਤਮ ਪੁਰਖ 'ਮੈਂ' ਅਤੇ ਮੱਧਮ ਪੁਰਖ 'ਤੂੰ' ਵਾਲੇ ਵਾਕ ਵਿਚ ਇਸਤੇਮਾਲ ਕੀਤੀ ਗਈ ਕਿਰਿਆ ਦਾ ਆਖਿਰੀ ਅੱਖਰ ਜੇਕਰ ਅਨੁਨਾਸਕ ਹੋਵੇ ਤਾਂ ਉਸ ਅੱਖਰ ਦੀ ਲਗ ਮਾਤਰਾ ਨਾਲ ਬਿੰਦੀ ਦੀ ਵਰਤੋਂ ਲਾਜ਼ਮੀ ਹੈ, ਪਰ ਅੰਨਯ ਪੁਰਖ 'ਉਹ' ਦੀ ਵਰਤੋਂ ਹੋਵੇ ਤਾਂ ਕਿਰਿਆ ਦੇ ਆਖਿਰੀ ਅਨੁਨਾਸਕ ਅੱਖਰ ਦੀ ਲਗ ਨਾਲ ਬਿੰਦੀ ਨਹੀਂ ਲੱਗਦੀ। ਜਿਵੇਂ :-

ਮੈਂ ਕਿਉਂ ਇਹ ਗੱਲ ਸੁਣਾਂ ?

ਕੀ ਤੂੰ ਇਹ ਗੱਲ ਸੁਣੀ ?

ਉਹ ਕਿਉਂ ਇਹ ਗੱਲ ਸੁਣੇ ?

ਇਥੇ ਇਹ ਗੱਲ ਸਮਝਣੀ ਵੀ ਜ਼ਰੂਰੀ ਹੈ ਕਿ ਜੇਕਰ **ਕਿਰਿਆ** ਨਾਲ ਬਿੰਦੀ ਹੋਵੇ ਤਾਂ ਵਰਤਮਾਨ ਕਾਲ ਦੀ ਦੱਸ ਪਾਉਂਦਾ ਹੈ ਅਤੇ ਜੇਕਰ **ਕਿਰਿਆ** ਨਾਲ ਬਿੰਦੀ ਨਾ ਹੋਵੇ ਤਾਂ ਭੂਤ ਕਾਲ ਦੀ ਸੋਝੀ ਕਰਾਉਂਦਾ ਹੈ।

'ਨ' ਅਤੇ 'ਣ' ਨੂੰ ਇਕ ਦੂਜੇ ਦੀ ਥਾਂ ਵਰਤਣ ਨਾਲ ਅੰਤ 'ਚ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ। ਭਾਵਾਰਥ ਦੇ ਨਾਲ 'ਣਾ' ਵਰਤਿਆ ਜਾਂਦਾ ਹੈ ਜਿਵੇਂ ਰੱਖਨਾ, ਸੁੱਟਨਾ, ਗੱਡਨਾ ਅਸ਼ੁੱਧ ਸ਼ਬਦ ਹਨ। ਇਹਨਾਂ ਸ਼ਬਦਾਂ ਨੂੰ ਕ੍ਰਮਵਾਰ ਰੱਖਣਾ, ਸੁੱਟਣਾ, ਗੱਡਣਾ ਸ਼ੁੱਧ ਹਨ।

ਜੇਕਰ ਭਾਵਾਰਥ ਦੇ ਚਿੰਨ੍ਹ ਵਾਲੇ ਅੱਖਰ ਤੋਂ ਪਹਿਲਾਂ 'ਣ', 'ਰ' ਜਾਂ 'ੜ' ਮੁਕਤਾ ਰੂਪ ਵਿਚ ਹੋਵੇ ਜਾਂ ਪੈਰ ਵਿਚ 'ਹ' ਹੋਵੇ ਤਾਂ ਭਾਵਾਰਥ ਦਾ ਚਿੰਨ੍ਹ 'ਨਾ' ਹੋ ਜਾਂਦਾ ਹੈ। ਜਿਵੇਂ :-

ਤੁਰਨਾ, ਫੁਰਨਾ, ਪੜ੍ਹਨਾ, ਝੜ੍ਹਨਾ ਆਦਿ ਸ਼ੁੱਧ ਰੂਪ ਹਨ।

ਪਿਆਰੇ ਵਿਦਿਆਰਥੀਓ ਤੁਹਾਡੀ ਜਾਣਕਾਰੀ ਲਈ ਇਥੇ ਇਹ ਦੱਸ ਦੇਣਾ ਵੀ ਜ਼ਰੂਰੀ ਹੈ ਕਿ ਜੇਕਰ **ਭਾਵਾਰਥ** ਦੇ ਚਿੰਨ੍ਹ ਵਾਲੇ ਅੱਖਰ ਤੋਂ ਪਹਿਲਾਂ 'ਣ', 'ਰ' ਜਾਂ 'ੜ' ਮੁਕਤਾ ਰੂਪ ਵਿਚ ਨਾ ਹੋਵੇ ਤਾਂ ਭਾਵਾਰਥ ਦਾ ਚਿੰਨ੍ਹ 'ਣ' ਲੱਗਦਾ ਹੈ। ਜਿਵੇਂ :-

ਘਰਾਣਾ, ਸੁਣਾਣਾ, ਲੜਾਣਾ ਆਦਿ।

ਪਰ ਇਕ ਗੱਲ ਦਾ ਖ਼ਾਸ ਖ਼ਿਆਲ ਰੱਖਣਾ ਚਾਹੀਦਾ ਹੈ ਕਿ 'ਨ' ਤੇ 'ਣ' ਦੀ ਵਰਤੋਂ ਦੇ ਇਹ ਨੇਮ ਨਾਂਵ **ਵਾਲੇ** ਸ਼ਬਦਾਂ ਉੱਪਰ ਲਾਗੂ ਨਹੀਂ ਹੁੰਦੇ। ਜਿਵੇਂ ਅਸੀਂ ਉੱਪਰ ਵੀ ਜ਼ਿਕਰ ਕੀਤਾ ਸੀ ਕਿ 'ਨ' ਅਤੇ 'ਣ' ਨੂੰ ਇਕ ਦੂਜੇ ਦੀ ਥਾਂ ਵਰਤਣ ਨਾਲ ਸ਼ਬਦਾਂ ਦੇ ਅਰਥਾਂ ਵਿਚ ਅੰਤਰ ਆ ਜਾਂਦਾ ਹੈ। ਜਿਵੇਂ :-

ਸਨ ('ਸੀ' ਦਾ ਬਹੁਵਚਨ), ਸਣ (ਵਾਣ ਦੀ ਇਕ ਕਿਸਮ) ਹਾਨੀ (ਨੁਕਸਾਨ), ਹਾਣੀ (ਇਕੋ ਉਮਰ ਦਾ)।

ਨਿਖੇਧਾਤਮਕ ਸ਼ਬਦ ਬਣਾਉਣ ਸਮੇਂ ਅਗੇਤਰ ਵਜੋਂ 'ਅਨ' ਦੀ ਵਰਤੋਂ ਗ਼ਲਤ ਹੈ ਜਦਕਿ 'ਅਣ' ਅਗੇਤਰ ਬਿਲਕੁਲ ਦਰੁਸਤ ਹੈ। ਜਿਵੇਂ :-

ਅਣਗਿਣਤ, ਅਣਪੜ੍ਹ, ਅਣਜਾਣ ਆਦਿ।

ਪੰਜਾਬੀ ਸ਼ਬਦ ਜੋੜਾਂ 'ਚ ਅੱਖਰਾਂ ਦੇ ਪੈਰਾਂ 'ਚ (ੰ) 'ਹਂ' ਪਾਉਣ ਦਾ ਵੀ ਨੇਮ ਹੈ। ਇਸਦੇ ਇਸਤੇਮਾਲ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੁੰਦੀ ਹੈ।

ਪੰਜਾਬੀ ਸ਼ਬਦ ਜੋੜਾਂ 'ਚ 'ਨ', 'ਮ', 'ਰ', 'ਲ', 'ਵ' ਤੇ 'ੜ' ਦੇ ਪੈਰਾਂ ਵਿਚ 'ਹ' ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ :-

ਸੰਨ੍ਹ, ਥੰਮ੍ਹ, ਤਰ੍ਹਾਂ, ਖੁੱਲ੍ਹਣਾ, ਕਵ੍ਹਾਂ, ਪੜ੍ਹਨਾ।

ਅੱਖਰਾਂ ਦੇ ਪੈਰ 'ਚ 'ਹਂ' ਪਾਉਣ ਜਾਂ ਨਾ ਪਾਉਣ ਨਾਲ ਅਰਥ ਬਦਲ ਜਾਂਦੇ ਹਨ। ਜਿਵੇਂ :-

ਗੱਲ (ਗੱਲਬਾਤ) ਗੱਲ੍ਹ (ਮੂੰਹ ਦਾ ਹਿੱਸਾ)

ਸਨ (ਸੀ ਦਾ ਬਹੁਵਚਨ) ਸੰਨ੍ਹ (ਜ਼ਬਰਦਸਤ ਦਾਖ਼ਲ ਹੋਣਾ)

ਪਿਆਰੇ ਵਿਦਿਆਰਥੀਓ, 'ਹਂ' ਦੀ ਵਰਤੋਂ ਨੂੰ ਲੈ ਕੇ ਪੰਜਾਬੀ ਸ਼ਬਦ-ਜੋੜਾਂ ਵਿਚ ਕਈ ਤਰ੍ਹਾਂ ਦੇ ਭੁਲੇਖੇ ਮਿਲਦੇ ਹਨ। ਇਸ ਲਈ ਜ਼ਰੂਰੀ ਹੈ ਕਿ 'ਹਂ' ਦੀ ਵਰਤੋਂ ਸਮੇਂ ਸ਼ਬਦ ਜੋੜਾਂ ਦੇ ਨੇਮਾਂ ਦਾ ਖ਼ਾਸ ਧਿਆਨ ਰੱਖਿਆ ਜਾਵੇ। ਜੇਕਰ ਕਿਸੇ ਸ਼ਬਦ ਵਿਚ 'ਹਂ' ਤੋਂ ਪਹਿਲਾਂ ਲੱਗੇ ਅੱਖਰ ਦੀ ਆਵਾਜ਼ ਲਾਂਵ (ਾ) ਵਾਲੀ ਹੋਵੇ ਤਾਂ ਉਸ ਨਾਲ ਲਾਂਵ ਦੀ ਥਾਂ ਸਿਹਾਰੀ (ਿ) ਲਾਈ ਜਾਂਦੀ ਹੈ। ਜਿਵੇਂ :-

ਅਸ਼ੁੱਧ - ਕੇਹੜਾ, ਮੇਹਨਤ, ਸੇਹਰਾ।

ਸ਼ੁੱਧ - ਕਿਹੜਾ, ਮਿਹਨਤ, ਸਿਹਰਾ।

ਇਸੇ ਤਰ੍ਹਾਂ 'ਹਂ' ਤੋਂ ਪਹਿਲੇ ਅੱਖਰ ਨੂੰ ਦੋਲਾਂਵ (ੈ) ਲੱਗੀ ਹੋਵੇ ਤਾਂ ਉਸ ਨਾਲੋਂ ਦੋਲਾਂਵ ਦੀ ਥਾਂ 'ਹਂ' ਨੂੰ ਸਿਹਾਰੀ ਲਾਈ ਜਾਂਦੀ ਹੈ। ਜਿਵੇਂ :-

ਕੈਹਰ ਨੂੰ ਕਹਿਰ, ਦੁਪੈਹਰ ਨੂੰ ਦੁਪਹਿਰ, ਸ਼ੈਹਰ ਨੂੰ ਸ਼ਹਿਰ, ਬੈਹਰ ਨੂੰ ਬਹਿਰ, ਨੈਹਰ ਨੂੰ ਨਹਿਰ ਲਿਖਣਾ ਚਾਹੀਦਾ ਹੈ।

ਜੇਕਰ 'ਹ' ਤੋਂ ਪਹਿਲੇ ਅੱਖਰ ਦੀ ਆਵਾਜ਼ 'ਹੋੜੇ' (ੋ) ਵਾਲੀ ਹੋਵੇ ਤਾਂ ਹੋੜੇ ਨੂੰ ਹਟਾ ਕੇ ਔਕੜ (ੁ) ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਜਿਵੇਂ :-

ਸੋਗੀਧ ਨੂੰ ਸੁਗੀਧ, ਓਧਾਰ ਨੂੰ ਉਧਾਰ ਲਿਖਣਾ ਸ਼ੁੱਧ ਹੈ।

'ਹ' ਤੋਂ ਪਹਿਲੇ ਅੱਖਰ ਨੂੰ 'ਕਨੌੜੇ' (ੌ) ਵਾਲੀ ਹਾਲਤ 'ਚ ਕਨੌੜੇ ਦੀ ਥਾਂ 'ਹ' ਨੂੰ ਔਕੜ (ੁ) ਲਾਈ ਜਾਂਦੀ ਹੈ। ਜਿਵੇਂ :-

ਬੌਹਤਾ ਤੋਂ ਬਹੁਤਾ, ਲੌਹਣਾ ਤੋਂ ਲਹੁਣਾ, ਚੌਹਣਾ ਤੋਂ ਚਹੁਣਾ, ਗੌਹਣ ਤੋਂ ਗਹੁਣਾ, ਵੌਹਣਾ ਤੋਂ ਵਹੁਣਾ ਬਣ ਜਾਂਦਾ ਹੈ।

ਜੇਕਰ 'ਘ', 'ਝ', 'ਢ', 'ਧ' ਤੇ 'ਭ' ਕਿਸੇ ਸ਼ਬਦ ਦੇ ਸ਼ੁਰੂ 'ਚ ਲੱਗੇ ਹੋਣ ਤਾਂ ਇਹ ਆਪਣੇ ਨਾਂ ਦੇ ਪਹਿਲੇ ਅੱਖਰ ਵਰਗੀ ਆਵਾਜ਼ ਦਿੰਦੇ ਹਨ। ਜਿਵੇਂ :-

ਘਮੰਢ, ਝਾੜੂ, ਢੋਲ, ਧਰਤੀ, ਭਾਰਤ ਆਦਿ।

ਪਰ ਧਿਆਨ ਰਹੇ ਕਿ ਜੇਕਰ ਉਪਰੋਕਤ ਅੱਖਰ ਕਿਸੇ ਸ਼ਬਦ ਵਿਚਕਾਰ ਜਾਂ ਇਸ ਦੇ ਅਖਰ ਵਿਚ ਹੋਣ ਤਾਂ ਇਹ ਕ੍ਰਮਵਾਰ 'ਗ੍ਹ', 'ਜ੍ਹ' 'ਛ੍ਹ', 'ਦ੍ਹ' ਤੇ 'ਬ੍ਹ' ਦੀ ਆਵਾਜ਼ ਕੱਢਦੇ ਹਨ। ਜਿਵੇਂ :

ਸੰਘ, ਬੂਝਾ, ਕੁੱਝ, ਬੁੱਢਾ, ਅੱਧਾ, ਖੰਭ।

ਸ਼ਬਦ ਜੋੜਾਂ ਵਿਚ ਕੁਝ ਅੱਖਰ ਅਜਿਹਾ ਭੁਲੇਖਾ ਪੈਦਾ ਕਰਦੇ ਹਨ ਕਿ ਕਈ ਵਾਰ ਅਰਥਾਂ ਦਾ ਅਨਰਥ ਹੋ ਜਾਂਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਹੇਠ ਲਿਖੇ ਨੇਮਾਂ ਨੂੰ ਧਿਆਨ ਨਾਲ ਪੜ੍ਹ ਕੇ ਇਹਨਾਂ ਦਾ ਅੱਗੋਂ ਹੋਰ ਅਭਿਆਸ ਕਰਨ।

'ਗ' ਤੇ 'ਘ' ਅੱਖਰਾਂ ਦੀ ਅਦਲਾ-ਬਦਲੀ

'ਗ' ਤੇ 'ਘ' ਅੱਖਰਾਂ ਦੀ ਸਥਾਨ ਬਦਲੀ ਕਾਰਨ ਬਹੁਤ ਸਾਰੇ ਭੁਲੇਖੇ ਪੈਦਾ ਹੋ ਜਾਂਦੇ ਹਨ। ਇਸ ਲਈ ਇਨ੍ਹਾਂ ਦੀ ਯੋਗ ਵਰਤੋਂ ਨਾਲ ਹੀ ਇਨ੍ਹਾਂ ਦੀ ਸਾਰਥਕਤਾ ਵਧਾਈ ਜਾ ਸਕਦੀ ਹੈ। ਪਿਆਰੇ ਵਿਦਿਆਰਥੀਓ 'ਗ' ਅਤੇ 'ਘ' ਨੂੰ ਇਕ ਦੂਜੇ ਦੀ ਥਾਂ ਵਰਤਣ ਨਾਲ ਸ਼ਬਦਾਂ ਦੇ ਅਰਥਾਂ ਵਿਚ ਪਰਿਵਰਤਨ ਆ ਜਾਂਦਾ ਹੈ। ਜਿਵੇਂ :- ਸੰਗ (ਸਾਥ ਜਾਂ ਸ਼ਰਮ) ਸੰਘ (ਗਲਾ), ਗੱਲ (ਗੱਲਬਾਤ), ਘੱਲ (ਭੇਜਣਾ), ਗੰਦ (ਕੂੜ), ਗੰਧ (ਖ਼ੁਸ਼ਬੂ)

'ਜ' ਤੇ 'ਝ' ਅੱਖਰਾਂ ਦੀ ਅਦਲਾ-ਬਦਲੀ

ਉਪਰੋਕਤ ਨੇਮਾਂ ਅਨੁਸਾਰ ਹੀ 'ਜ' ਤੇ 'ਝ' ਅੱਖਰਾਂ ਨੂੰ ਇਕ ਦੂਜੇ ਦੀ ਥਾਂ 'ਤੇ ਵਰਤਣ ਨਾਲ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ। ਜਿਵੇਂ :

ਪੂੰਜੀ (ਸਰਮਾਇਆ), ਪੂੰਝੀ (ਸਾਫ਼ ਕਰਨਾ)

ਸੁੱਜਾ (ਉਭਰਿਆ ਹੋਇਆ) ਸੁਝਾ (ਖਿਆਲ ਆਉਣਾ)

ਜੰਡ (ਦਰੱਖਤ), ਝੰਡ (ਕੱਟਣਾ)

ਬੱਜ (ਖੋਟ, ਖ਼ਰਾਬੀ), ਬੱਝ (ਜੋੜਨਾ, ਬੰਨ੍ਹਣਾ)

ਜੜਨਾ (ਫਿੱਟ ਕਰਨਾ), ਝੜਨਾ (ਡਿੱਗਣਾ, ਕਿਰ ਜਾਣਾ)

ਇਸ ਦਾ ਅਭਿਆਸ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਨੂੰ 'ਜ' ਤੇ 'ਝ' ਅੱਖਰਾਂ ਦੀ ਧੁਨੀ ਦਾ ਪੂਰਣ ਗਿਆਨ ਹੋਣਾ ਚਾਹੀਦਾ ਹੈ।

'ਡ' ਤੇ 'ਢ' ਅੱਖਰਾਂ ਦੀ ਅਦਲਾ-ਬਦਲੀ

ਇਸੇ ਤਰ੍ਹਾਂ 'ਡ' ਤੇ 'ਢ' ਦੀ ਸਥਾਨ ਬਦਲੀ ਨਾਲ ਸ਼ਬਦਾਂ ਦੇ ਅਰਥਾਂ ਵਿਚ ਤਬਦੀਲੀ ਆ ਜਾਣੀ ਲਾਜ਼ਮੀ ਹੈ। ਜਿਵੇਂ :-

ਡੋਲੀ (ਵਿਆਂਦੜ ਬਹੂ ਨੂੰ ਲਿਜਾਣਾ), ਢੋਲੀ (ਢੋਲ ਵਜਾਉਣ ਵਾਲਾ)

ਡੰਗ (ਇਕ ਵੇਲਾ ਜਾਂ ਸਮਾਂ), ਢੰਗ (ਤਰੀਕਾ)।

'ਦ' ਤੇ 'ਧ' ਅੱਖਰਾਂ ਦੀ ਅਦਲਾ-ਬਦਲੀ

'ਦ' ਅਤੇ 'ਧ' ਨੂੰ ਇਕ ਦੂਜੇ ਦੀ ਥਾਂ ਵਰਤਣ ਨਾਲ ਸ਼ਬਦਾਂ ਦੇ ਅਰਥਾਂ ਵਿਚ ਵੱਡੀ ਤਬਦੀਲੀ ਵਾਪਰਦੀ ਹੈ। ਜਿਵੇਂ :-

ਉਦਾਰ (ਖੁੱਲ੍ਹੇ ਸੁਭਾਅ ਵਾਲਾ), ਉਧਾਰ (ਕਰਜਾ)

ਬੋਦੀ (ਸਿਰ ਦੀ ਚੋਟੀ) ਬੋਧੀ (ਬੁੱਧ ਧਰਮ ਦਾ ਅਨੁਆਈ)

ਪ੍ਰਦਾਨ (ਦੇਣਾ), ਪ੍ਰਧਾਨ (ਮੋਹਰੀ, ਆਗੂ)

ਦਰ (ਬੂਹਾ, ਦਰਵਾਜ਼ਾ), ਧਰ (ਰੱਖਣਾ)

ਦਵਾਈ (ਉਪਚਾਰ, ਇਲਾਜ ਲਈ ਖਾਧੀ ਜਾਣ ਵਾਲੀ ਚੀਜ਼), ਧਵਾਈ (ਧੋਣਾ)।

'ਬ' ਤੇ 'ਭ' ਅੱਖਰਾਂ ਦੀ ਅਦਲਾ-ਬਦਲੀ

ਸ਼ਬਦ-ਜੋੜਾਂ ਵਿਚ 'ਬ' ਅਤੇ 'ਭ' ਅੱਖਰਾਂ ਦੀ ਅਦਲਾ-ਬਦਲੀ ਨਾਲ ਵੀ ਅਰਥਾਂ 'ਚ ਭੇਦ ਹੋ ਜਾਂਦਾ ਹੈ। ਜਿਵੇਂ :-

ਦਬ (ਦੱਬਣਾ), ਦੱਭ (ਘਾਹ ਦੀ ਕਿਸਮ)

ਲਬ (ਲਾਲਚ), ਲੱਭ (ਲੱਭਣਾ)

ਬੱਜ (ਕਮੀਪੇਸ਼ੀ), ਭੱਜ (ਦੌੜਨਾ)

ਬਲਾ (ਮੁਸੀਬਤ), ਭਲਾ (ਨੇਕ)

ਬੋਲਾ (ਘੱਟ ਸੁਣਨ ਵਾਲਾ), ਭੋਲਾ (ਸ਼ਰੀਫ਼ ਆਦਮੀ)

ਸਬ (ਛੋਟਾ), ਸਭ (ਸਾਰੇ)

ਅੱਧਕ ' ੱ ' ਦੀ ਵਰਤੋਂ

ਪਿਆਰੇ ਵਿਦਿਆਰਥੀਓ, ਪੰਜਾਬੀ ਜੋੜਾਂ ਵਿਚ ਅੱਧਕ (ੱ) ਦੀ ਵਰਤੋਂ ਦਾ ਵੀ ਖ਼ਾਸ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਇਸ ਨੂੰ ਛੋਟੀ ਆਵਾਜ਼ ਵਾਲੀਆਂ ਹ੍ਰਸਵ ਲਗਾਂ, ਮੁਕਤਾ, ਸਿਹਾਰੀ ਤੇ ਔਕੜ ਨਾਲ ਵਰਤਿਆ ਜਾਂਦਾ ਹੈ। ਜਿਵੇਂ :-

1. ਕੱਚ, ਪੱਕਾ, ਰੱਜਣ, ਰੱਜਣਾ ਆਦਿ। ਮੁਕਤਾ ਅੱਖਰਾਂ ਨਾਲ ਅੱਧਕ ਦੀ ਵਰਤੋਂ ਕੀਤੀ ਜਾਂਦੀ ਹੈ।

2. ਕਿੱਲ, ਗਿੱਧਾ, ਗਿੱਲ, ਪਿਝਣਾ ਆਦਿ ਸਿਹਾਰੀ ਵਾਲੇ ਅੱਖਰਾਂ ਨਾਲ ਅੱਧਕ ਲੱਗਦਾ ਹੈ।

3. ਕੁੱਬਾ, ਗੁੱਝਾ, ਗੁੱਤ, ਥੁੱਕ, ਚੁੱਕ ਆਦਿ ਔਕੜ ਵਾਲੇ ਅੱਖਰਾਂ ਨਾਲ ਅੱਧਕ ਦਾ ਇਸਤੇਮਾਲ ਹੁੰਦਾ ਹੈ।

ਪਰ ਯਾਦ ਰਹੇ ਕਿ ਗੱਲ ਅਤੇ ਗਲ, ਮੱਲ ਅਤੇ ਮਲ, ਪੱਗ ਅਤੇ ਪਗ, ਕੱਦ ਅਤੇ ਕਦ ਆਦਿ ਵੱਖੋ-ਵੱਖਰੇ ਸ਼ਬਦ-ਜੋੜ ਹਨ ਅਤੇ ਇਹਨਾਂ ਦੇ ਅਰਥ ਵੱਖ-ਵੱਖ ਹਨ। ਇਨ੍ਹਾਂ ਸ਼ਬਦਾਂ ਨਾਲ ਅੱਧਕ (ੱ) ਲਾਉਣ ਜਾਂ ਹਟਾਉਣ ਨਾਲ ਹੀ ਇਨ੍ਹਾਂ ਦੇ ਅਰਥਾਂ ਦੇ ਭੇਦ ਦਾ ਪਤਾ ਲੱਗਦਾ ਹੈ। ਇਸ ਭੁਲੇਖੇ ਨੂੰ ਦੂਰ ਕਰਨ ਉਪਰੰਤ ਹੀ ਅਸੀਂ ਅੱਧਕ ਦਾ ਸਹੀ ਇਸਤੇਮਾਲ ਕਰਨ ਦੇ ਯੋਗ ਹੋ ਸਕਦੇ ਹਾਂ।

ਜਿਉਂ ਜਿਉਂ ਕੋਈ ਭਾਸ਼ਾ ਵਿਕਾਸ ਕਰਦੀ ਹੈ ਤਾਂ ਉਸ ਵਿਚ ਧੁਨੀਆਂ ਜਾਂ ਮਾਤਰਾਵਾਂ ਨੂੰ ਲੈ ਕੇ ਨਵੀਆਂ ਸੰਭਾਵਨਾਵਾਂ ਦਾ ਉਜਾਗਰ ਹੋਣਾ ਲਾਜ਼ਮੀ ਹੈ। ਇਸ ਤਰ੍ਹਾਂ ਪੰਜਾਬੀ ਵਿਚ ਵੀ ਵਾਪਰ ਰਿਹਾ ਹੈ। ਇਥੇ ਇਹ ਧਿਆਨਯੋਗ ਹੈ ਕਿ ਲੰਮੀ ਆਵਾਜ਼ ਵਾਲੀਆਂ ਲਗਾਂ ਵਿਚ ਦੋਲਾਵਾਂ (ੈ) ਲਗ ਤੋਂ ਪਿੱਛੋਂ ਅੱਧਕ ਲਾਈ ਜਾਂਦੀ ਹੈ। ਅੰਗਰੇਜ਼ੀ ਭਾਸ਼ਾ ਦੀ ਈ (E) ਦੀ ਆਵਾਜ਼ ਨੂੰ ਪ੍ਰਗਟਾਉਣ ਲਈ ਦੋਲਾਵਾਂ ਅਤੇ ਅੱਧਕ (ੈ + ੱ) ਨੂੰ ਮਿਲਾ ਕੇ ਇਕ ਨਵੀਂ ਲਗ ਹੋਂਦ 'ਚ ਆਈ ਹੈ। ਭਾਵੇਂ ਵਿਆਕਰਨਕ ਨੇਮਾਂ ਅਨੁਸਾਰ ਪੰਜਾਬੀ ਵਿਚ ਇਕ ਅੱਖਰ ਨੂੰ ਇਕੋ ਲਗ ਹੀ ਲਾਈ ਜਾਂਦੀ ਹੈ ਪਰ ਵਿਦਿਆਰਥੀਆਂ ਦੀ ਜਾਣਕਾਰੀ ਲਈ ਇਥੇ ਇਹ ਦੱਸ ਦੇਣਾ ਜ਼ਰੂਰੀ ਜਾਪਦਾ ਹੈ ਕਿ ਅੰਗਰੇਜ਼ੀ ਭਾਸ਼ਾ ਤੋਂ ਲਏ ਗਏ ਤਤਸਮ (ਅੰਗਰੇਜ਼ੀ ਤੋਂ ਜਿਉਂ ਦੇ ਤਿਉਂ ਸ਼ਬਦਾਂ ਨੂੰ ਗ੍ਰਹਿਣ ਕਰਨ ਦੀ ਪ੍ਰਕਿਰਿਆ) ਸ਼ਬਦਾਂ ਨੂੰ ਲਿਖਣ ਲਈ ਦੋਲਾਵਾਂ ਅਤੇ ਅੱਧਕ ਨੂੰ ਜੋੜ ਕੇ ਇਕ ਨਵੀਂ ਲੋੜ ਪੂਰੀ ਕੀਤੀ ਗਈ ਹੈ। ਜਿਵੇਂ :- ਹੈੱਡ ਮਾਸਟਰ, ਚੈੱਕ, ਪੈੱਨ, ਲੈੱਸ, ਮੈੱਸ ਆਦਿ ਅੰਗਰੇਜ਼ੀ ਸ਼ਬਦਾਂ ਨੂੰ ਉਪਰੋਕਤ ਤਰੀਕੇ ਨਾਲ ਨਵੀਂ ਲਗ ਲਾ ਕੇ ਲਿਖਣਾ ਸ਼ੁੱਧ ਮੰਨ ਲਿਆ ਗਿਆ ਹੈ।

ਮੂਲ ਕਿਰਿਆ ਵਿਚ ਵਰਤੀ ਗਈ ਅੱਧਕ ਉਸ ਦਾ ਪ੍ਰੇਰਣਾਰਥਕ ਰੂਪ ਬਣਾਉਣ ਸਮੇਂ ਹਟ ਜਾਂਦੀ ਹੈ। ਜਿਵੇਂ :- ਲੁੱਟਣਾ, ਮੁਕਣਾ, ਕੱਢਣਾ ਆਦਿ ਤੋਂ ਲੁਟਾਉਣਾ, ਮੁਕਾਉਣਾ, ਕਢਾਉਣਾ ਬਣਾਉਣ ਸਮੇਂ ਅੱਧਕ ਹਟ ਜਾਂਦੀ ਹੈ।

ਕਈ ਅਜਿਹੇ ਸ਼ਬਦ ਹਨ ਜਿਨ੍ਹਾਂ ਨਾਲ ਅੱਧਕ ਲਗਾਉਣ ਜਾਂ ਹਟਾਉਣ ਨਾਲ ਸ਼ਬਦਾਂ ਦੇ ਅਰਥਾਂ 'ਚ ਫਰਕ ਪੈ ਜਾਂਦਾ ਹੈ। ਜਿਵੇਂ :-

ਗਲ (ਸਰੀਰ ਦਾ ਅੰਗ), ਗੱਲ (ਗੱਲਬਾਤ)

ਵਲ (ਘੁਮਾਉ, ਘੇਰਨਾ), ਵੱਲ (ਤਰੀਕਾ)

ਗਲ (ਨਾਪ ਦਾ ਪੈਮਾਨਾ), ਗੱਜ (ਆਵਾਜ਼ ਕੱਢਣਾ)

ਪਿਆਰੇ ਵਿਦਿਆਰਥੀਓ, ਸ਼ਬਦ-ਜੋੜਾਂ ਦੇ ਵੱਖੋ-ਵੱਖਰੇ ਨੇਮਾਂ ਰਾਹੀਂ ਪੰਜਾਬੀ ਭਾਸ਼ਾ ਦੀ ਸੁਚਾਰੂ ਰੂਪ 'ਚ ਵਰਤੋਂ ਕੀਤੀ ਜਾਂਦੀ ਹੈ। ਇਥੇ ਇਹ ਨੇਮ ਯਾਦ ਰੱਖਣਾ ਚਾਹੀਦਾ ਹੈ ਕਿ ਭਵਿੱਖਤ ਕਾਲ ਦੇ ਅੱਖਰਾਂ ਨੂੰ ਜੋੜ ਕੇ ਲਿਖਣਾ ਚਾਹੀਦਾ ਹੈ। ਮਿਸਾਲ ਦੇ ਤੌਰ 'ਤੇ 'ਗਾ', 'ਗੀ' ਤੇ 'ਗੀਆਂ' ਨੂੰ ਕਿਰਿਆ ਨਾਲ ਜੋੜ ਕੇ ਪੜ੍ਹਨਗੇ, ਜਾਵੇਗਾ, ਲੜਨਗੇ ਅਤੇ ਆਉਣਗੀਆਂ ਆਦਿ ਸ਼ਬਦਾਂ ਨੂੰ ਲਿਖਿਤ ਰੂਪ ਦਿੱਤਾ ਜਾ ਸਕਦਾ ਹੈ।

'ਕੇ' ਨੂੰ ਪਹਿਲੇ ਆਏ ਸ਼ਬਦ ਨਾਲ ਜੋੜ ਕੇ ਜਾਂ ਨਿਖੇੜ ਕੇ ਲਿਖਣ ਨਾਲ ਭਾਵ ਬਦਲ ਜਾਂਦੇ ਹਨ। ਜਿਵੇਂ :-

ਕਰ ਕੇ (ਕੋਈ ਕੰਮ ਕਰਕੇ), ਕਰਕੇ (ਕਾਰਨ)

ਭੌ ਕੇ (ਤੁਰ ਫਿਰਕੇ), ਭੌਂਕੇ (ਭੌਂਕਣਾ)

'ਦਾ', 'ਦੇ', 'ਦੀਆਂ' ਨੂੰ ਨਾਵਾਂ ਜਾਂ ਪੜਨਾਵਾਂ ਨਾਲ ਜੋੜ ਕੇ ਲਿਖਣਾ ਚਾਹੀਦਾ ਹੈ। ਜਿਵੇਂ :-

ਸਿਮਰਨ ਦਾ ਥੈਲਾ, ਰੀਆ ਦੀ ਕਿਤਾਬ, ਉਨ੍ਹਾਂ ਦੀਆਂ ਗੱਲਾਂ, ਸਤੀਸ਼ ਦਾ ਘਰ, ਮਨਜੀਤ ਦਾ ਕੰਪਿਊਟਰ।

ਪਰ ਇਨ੍ਹਾਂ ਨੂੰ ਵਿਸ਼ੇਸ਼ਣ ਅਤੇ ਕਿਰਿਆ ਨਾਲ ਜੋੜ ਕੇ ਲਿਖਿਆ ਜਾਂਦਾ ਹੈ। ਜਿਵੇਂ :-

1. ਕਈ ਲੋਕ ਐਵੇਂ ਮਰੂੰ-ਮਰੂੰ ਕਰਦੇ ਰਹਿੰਦੇ ਹਨ। (ਕਿਰਿਆ)

2. ਰੋਂਦਾ-ਧੋਂਦਾ ਆਦਮੀ ਲੋਕਾਂ ਦੀ ਹਮਦਰਦੀ ਖਿੱਚਦਾ ਹੈ। (ਵਿਸ਼ੇਸ਼ਣ)

ਸ਼ਹਿਰਾਂ ਦੇ ਨਾਂ ਲਿਖਣ ਸਮੇਂ ਅਸੀਂ ਅਕਸਰ ਹੀ ਗ਼ਲਤੀ ਕਰ ਜਾਂਦੇ ਹਾਂ। ਪਿਆਰੇ ਵਿਦਿਆਰਥੀਓ, ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਡੇ ਕੋਲੋਂ ਸ਼ਹਿਰਾਂ ਦੇ ਨਾਂ ਲਿਖਣ ਲੱਗਿਆਂ ਕੋਈ ਗ਼ਲਤੀ ਨਾ ਹੋਵੇ। ਇਹ ਗੱਲ ਹਮੇਸ਼ਾ ਯਾਦ ਰੱਖੋ ਕਿ ਸ਼ਹਿਰਾਂ ਦੇ ਨਾਂ ਆਮ ਤੌਰ 'ਤੇ ਜੋੜ ਕੇ ਲਿਖੇ ਜਾਂਦੇ ਹਨ। ਜਿਵੇਂ :-

ਫ਼ਿਰੋਜ਼ਪੁਰ, ਫਰੀਦਕੋਟ, ਅੰਮ੍ਰਿਤਸਰ ਆਦਿ।

ਕਈ ਵਾਰੀ ਪਿਛੇਤਰ ਦੇ ਇਸਤੇਮਾਲ ਸਮੇਂ ਸ਼ਬਦ ਜੋੜਾਂ 'ਚ ਗਲਤੀਆਂ ਹੋ ਜਾਂਦੀਆਂ ਹਨ। ਵਿਸ਼ੇਸ਼ ਤੌਰ 'ਤੇ ਪਿਛੇਤਰ 'ਵਾਲਾ' ਦੀ ਵਰਤੋਂ ਸਮੇਂ ਇਸ ਗੱਲ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਇਸਨੂੰ ਸ਼ਬਦ ਦੇ ਨਾਲ ਜੋੜ ਕੇ ਲਿਖਿਆ ਜਾਏ। ਜਿਵੇਂ :-

ਬਿਜਲੀਵਾਲਾ, ਰੇੜ੍ਹੀਵਾਲਾ, ਤੇਲਵਾਲਾ, ਦੁੱਧਵਾਲਾ, ਬੱਸਵਾਲਾ, ਰਿਕਸ਼ੇਵਾਲਾ ਆਦਿ।

ਦੁੱਤ ਅੱਖਰਾਂ ਦੀ ਵਰਤੋਂ

ਪੰਜਾਬੀ ਵਿਚ ਦੁੱਤ ਅੱਖਰਾਂ ਦੀ ਵਰਤੋਂ ਵੀ ਪੂਰੇ ਧਿਆਨ ਦੀ ਮੰਗ ਕਰਦੀ ਹੈ। ਸਭ ਤੋਂ ਪਹਿਲਾਂ ਦੁੱਤ ਅੱਖਰਾਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। 'ਹ', 'ਰ' ਤੇ 'ਵ' ਨੂੰ ਦੁੱਤ ਅੱਖਰ ਕਿਹਾ ਜਾਂਦਾ ਹੈ। ਹੇਠ ਕੁਝ ਉਦਾਹਰਨਾਂ ਸਹਿਤ ਅਸੀਂ ਦੁੱਤ ਅੱਖਰਾਂ ਦੀ ਢੁੱਕਵੀਂ ਵਰਤੋਂ ਦਾ ਵਿਸ਼ਲੇਸ਼ਣ ਕਰ ਰਹੇ ਹਾਂ।

1. ਅੱਖਰ ਦੇ ਪੈਰ 'ਚ 'ਰ' ਪਾਉਣ ਦਾ ਭੁਲੇਖਾ ਅਕਸਰ ਲੱਗ ਜਾਂਦਾ ਹੈ। ਹੇਠ ਲਿਖੇ ਸ਼ਬਦਾਂ ਦੇ ਪੈਰ 'ਚ 'ਰ' ਪਾਉਣ ਯੋਗ ਹੈ। ਜਿਵੇਂ : ਪ੍ਰੇਮ, ਪ੍ਰਬੰਧ, ਪ੍ਰਕਾਸ਼, ਗ੍ਰੰਥ, ਸ੍ਰੀਮਾਨ ਆਦਿ। ਪਰ ਮਹਿੰਦਰ, ਪਵਿੱਤਰ, ਚਿੱਤਰਕਾਰ, ਪਰਮਾਰਥ ਆਦਿ ਸ਼ਬਦਾਂ ਦੇ ਪੈਰ 'ਚ 'ਰ' ਪਾਉਣਾ ਠੀਕ ਨਹੀਂ ਮੰਨਿਆ ਜਾਂਦਾ।

2. ਇਸੇ ਤਰ੍ਹਾਂ ਪੈਰ 'ਚ 'ਹ' ਪਾਉਣ ਲੱਗਿਆਂ ਵੀ ਨੇਮਾਂ ਦਾ ਧਿਆਨ ਰੱਖਣਾ ਲਾਜ਼ਮੀ ਹੈ। ਇਕ ਨੇਮ ਅਨੁਸਾਰ 'ਹ' ਨੂੰ ਨ, ਮ, ਰ, ਲ, ੜ ਦੇ ਪੈਰ 'ਚ ਪਾਇਆ ਜਾਂਦਾ ਹੈ। ਜਿਵੇਂ :- ਸੰਨ੍ਹ, ਧੰਮ੍ਹ, ਵਰ੍ਹਾ, ਗੱਲ੍ਹ, ਪੜ੍ਹ ਆਦਿ। ਪਰ ਕਿਲਾ, ਜਗਹ, ਵਜਹ, ਆਦਿ ਸ਼ਬਦਾਂ ਹੇਠ 'ਹ' ਦੀ ਵਰਤੋਂ ਢੁੱਕਵੀਂ ਨਹੀਂ ਹੁੰਦੀ।

3. ਪੈਰੀ 'ਵ' ਦੀ ਵਰਤੋਂ ਵੀ ਕਈ ਭੁਲੇਖੇ ਪੈਦਾ ਕਰਦੀ ਹੈ। ਕਈ ਥਾਵਾਂ 'ਤੇ 'ਵ' ਦੀ ਪੈਰ ਵਿਚ ਵਰਤੋਂ ਠੀਕ ਮੰਨੀ ਜਾਂਦੀ ਹੈ। ਜਿਵੇਂ :- ਸ੍ਵੈਮਾਨ, ਸ੍ਵਰ, ਸ੍ਵੈ-ਇੱਛਾ ਆਦਿ।

ਇਸ ਤਰ੍ਹਾਂ ਵਿਦਿਆਰਥੀਆਂ ਨੂੰ ਦੁੱਤ ਅੱਖਰਾਂ ਦੀ ਵਰਤੋਂ ਕਰਨ ਲਈ ਇਹਨਾਂ ਨੇਮਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਇਹਨਾਂ ਸ਼ਬਦਾਂ ਤੋਂ ਇਲਾਵਾ ਵੀ ਤੁਹਾਨੂੰ ਦੁੱਤ ਅੱਖਰਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਅਜਿਹਾ ਕਰਨ ਉਪਰੰਤ ਹੀ ਤੁਸੀਂ ਪੰਜਾਬੀ ਸ਼ਬਦ ਜੋੜਾਂ 'ਚ ਦੁੱਤ ਅੱਖਰਾਂ ਬਾਰੇ ਸਵਾਲਾਂ ਦਾ ਜਵਾਬ ਤਿਆਰ ਕਰਨ ਦੇ ਯੋਗ ਹੋ ਸਕੋਗੇ। ਇਨ੍ਹਾਂ ਨੇਮਾਂ ਦੇ ਅਭਿਆਸ ਨਾਲ ਅਸੀਂ ਕੁਝ ਅੱਖਰਾਂ ਦੀ ਯੋਗ ਵਰਤੋਂ ਸਿੱਖ ਸਕਦੇ ਹਾਂ। ਇਸ ਨਾਲ ਸਾਨੂੰ ਇਕ ਪ੍ਰਭਾਵਸ਼ਾਲੀ ਢੰਗ ਨਾਲ ਸ਼ਬਦ ਜੋੜ ਲਿਖਣ ਦੀ ਜਾਚ ਆ ਜਾਏਗੀ।

'ਸ਼' ਸੱਸੇ ਪੈਰ ਬਿੰਦੀ ਦੀ ਵਰਤੋਂ

ਉਪਰੋਕਤ ਚਰਚਾ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਪੰਜਾਬੀ ਸ਼ਬਦ ਜੋੜਾਂ ਦੀਆਂ ਸਭ ਤੋਂ ਵੱਧ ਗ਼ਲਤੀਆਂ ਦੀਆਂ ਸੰਭਾਵਨਾਵਾਂ **ਪੈਰ** 'ਚ ਬਿੰਦੀ, ਮੁਕਤੇ ਅੱਖਰਾਂ, ਅੱਧਕ ਅਤੇ 'ਨ', 'ਣ' ਦੀ ਵਰਤੋਂ ਵਾਲੇ ਸ਼ਬਦਾਂ ਵਿਚ ਹੁੰਦੀਆਂ ਹਨ। ਅੱਖਰ ਦੇ ਪੈਰ 'ਚ ਬਿੰਦੀ ਲਾਉਣ ਸਮੇਂ ਕਈ ਤਰ੍ਹਾਂ ਦੇ ਭੁਲੇਖੇ ਵੇਖਣ ਨੂੰ ਮਿਲਦੇ ਹਨ। ਜੇਕਰ ਪੈਰ ਬਿੰਦੀ (.) ਦਾ ਸਹੀ ਢੰਗ ਨਾਲ ਪ੍ਰਯੋਗ ਨਾ ਕੀਤਾ ਜਾਏ ਤਾਂ ਜਿੱਥੇ ਇਸ ਨਾਲ ਸ਼ਬਦ ਜੋੜਾਂ 'ਚ ਗ਼ਲਤੀਆਂ ਹੁੰਦੀਆਂ ਹਨ, ਉਥੇ ਇਨ੍ਹਾਂ ਦੇ ਉਚਾਰਨ ਵਿਚ ਵੀ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਉਦਾਹਰਨ ਦੇ ਤੌਰ 'ਤੇ ਅਸੀਂ ਹੇਠਾਂ ਬਿੰਦੀ ਦੀ ਢੁੱਕਵੀਂ ਵਰਤੋਂ ਵਾਲੇ ਕੁਝ ਸ਼ਬਦ ਜੋੜ ਦੇ ਰਹੇ ਹਾਂ, ਜਿਨ੍ਹਾਂ ਤੋਂ ਵਿਦਿਆਰਥੀਆਂ ਨੂੰ ਪੈਰ ਬਿੰਦੀ ਵਾਲੇ ਅੱਖਰਾਂ ਦੀ ਪਛਾਣ ਕਰਨ 'ਚ ਮੱਦਦ ਮਿਲੇਗੀ। ਇਹ ਸ਼ਬਦ ਜੋੜ ਇਸ ਪ੍ਰਕਾਰ ਹਨ :-

ਸੁਸ਼ੀਲ, ਸ਼ੋਸ਼ਣ, ਸ਼੍ਰੇਣੀ, ਸ਼ਰਮਸਾਰ, ਵਿਸ਼ਵਾਸ, ਕੋਸ਼ਿਸ਼, ਪਸ਼ੂ, ਮੁਸ਼ਕਿਲ, ਸ਼ਬਦ, ਪੇਸ਼ੀ, ਕਾਸ਼ਤਕਾਰ, ਚਾਸ਼ਣੀ ਆਦਿ।

ਸੱਸੇ ਪੈਰ ਬਿੰਦੀ (ਸ਼) ਪਾਉਣ ਦਾ ਇਹ ਰੁਝਾਨ ਕਈ ਵਾਰੀ ਅੱਗੇ ਪਿੱਛੇ ਹੋ ਜਾਣ ਨਾਲ ਅਰਥਾਂ ਦਾ ਅਨਰਥ ਹੋ ਜਾਂਦਾ ਹੈ। ਜਿਵੇਂ : 'ਕੋਸ਼ਿਸ਼' ਸ਼ਬਦ ਜੋੜ ਵਿਚ ਜੇਕਰ ਇਕ 'ਸ' ਦੇ ਪੈਰ 'ਚੋਂ ਬਿੰਦੀ ਹਟਾ ਲਈ ਜਾਏ ਤਾਂ ਇਸ ਦੇ ਸ਼ਬਦ ਜੋੜ ਅਤੇ ਉਚਾਰਨ ਵਿਚ ਢੇਰ ਅੰਤਰ ਆ ਜਾਏਗਾ। ਸੋ 'ਸ਼' ਅੱਖਰ ਦੀ ਵਰਤੋਂ ਬਹੁਤ ਧਿਆਨ ਦੀ ਮੰਗ ਕਰਦੀ ਹੈ। ਕਈ ਵਾਰੀ ਅਸੀਂ 'ਸ਼' ਦਾ ਗ਼ਲਤ ਥਾਵਾਂ 'ਤੇ ਉਚਾਰਨ ਕਰ ਜਾਂਦੇ ਹਾਂ ਤੇ ਉਸੇ ਤਰ੍ਹਾਂ ਹੀ ਉਸ ਨੂੰ ਲਿਖਣ ਦੀ ਗਲਤੀ ਵੀ ਕਰ ਬੈਠਦੇ ਹਾਂ।

'ਜ਼' ਜੱਜੇ ਪੈਰ ਬਿੰਦੀ ਦੀ ਵਰਤੋਂ

ਪੰਜਾਬੀ ਸ਼ਬਦ-ਜੋੜਾਂ ਵਿਚ 'ਜ਼' ਬਿੰਦੀ ਦਾ ਮਸਲਾ ਵੀ ਬਹੁਤ ਧਿਆਨ ਦੀ ਮੰਗ ਕਰਦਾ ਹੈ। 'ਜ਼' ਦੀ ਵਰਤੋਂ ਦਾ

ਨਮੂਨਾ ਇਸ ਪ੍ਰਕਾਰ ਹੈ। ਜਿਵੇਂ :- ਜ਼ੁਬਾਨ, ਜ਼ੋਰ, ਜ਼ਮਾਨਤ, ਜਹਾਜ਼, ਰੋਜ਼, ਗ਼ਜ਼ਲ, ਬਜ਼ੁਰਗ ਆਦਿ ਸ਼ਬਦ-ਜੋੜਾਂ 'ਚ ਪੈਰੀ ਬਿੰਦੀ ਜ਼ਰੂਰ ਲਗਾਈ ਜਾਂਦੀ ਹੈ ਪਰ ਪੈਰ ਬਿੰਦੀ (.) ਦੀ ਕਿਸੇ ਸ਼ਬਦ-ਜੋੜ 'ਚ ਸਥਾਨ ਬਦਲੀ ਕਰ ਦਿੱਤੀ ਜਾਏ ਤਾਂ ਭਾਵ ਬਦਲ ਜਾਂਦੇ ਹਨ। ਜਿਵੇਂ :- 'ਰਾਜ਼' ਸ਼ਬਦ ਜੋੜ ਦੇ ਪੈਰ 'ਚੋਂ ਜੇਕਰ ਬਿੰਦੀ ਹਟਾ ਲਈ ਜਾਏ ਤਾਂ ਇਸਦਾ ਅਰਥ 'ਸੂਬਾ' ਬਣ ਜਾਏਗਾ। ਮੰਚ ਨੂੰ ਸਜਾ ਦਿਉ ਜਾਂ ਦੋਸ਼ੀ ਨੂੰ ਸਜ਼ਾ ਦਿਉ ਦੇ ਅਰਥਾਂ ਵਿਚ ਭੇਦ ਸਿਰਫ਼ 'ਜ਼' ਲਗਾਉਣ ਜਾਂ ਹਟਾਉਣ ਨਾਲ ਵਾਪਰਦਾ ਹੈ।

'ਜ਼' ਲਾਉਣ ਦੀ ਆਦਤ ਹੀ ਨਹੀਂ ਪਾ ਲੈਣੀ ਚਾਹੀਦੀ। ਸਿਰਫ਼ ਯੋਗ ਥਾਂ ਉੱਪਰ ਹੀ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਕੁਝ ਸ਼ਬਦ-ਜੋੜ ਅਜਿਹੇ ਹਨ, ਜਿਨ੍ਹਾਂ ਦੇ ਪੈਰ 'ਚ ਬਿੰਦੀ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਜਿਵੇਂ ਬੀਜ, ਮਜਬੂਰ, ਫੌਜੀ, ਪੰਜਾਬੀ, ਆਦਿ ਸ਼ਬਦ ਜੋੜਾਂ 'ਚ 'ਜ' ਦੇ ਪੈਰ 'ਚ ਬਿੰਦੀ ਨਹੀਂ ਲਗਦੀ।

'ਓ' ਅਤੇ 'ੳ' ਦੀ ਵਰਤੋਂ

ਪਿਆਰੇ ਵਿਦਿਆਰਥੀਓ, ਇਹ ਬਹੁਤ ਹੀ ਜ਼ਰੂਰੀ ਹੈ ਕਿ ਖੁੱਲ੍ਹੇ ਮੂੰਹ ਵਾਲੇ 'ਓ' ਅਤੇ ਬੰਦ ਮੂੰਹ ਵਾਲੇ 'ੳ' ਦੀ ਵਰਤੋਂ ਯੋਗ ਢੰਗ ਨਾਲ ਕੀਤੀ ਜਾਏ ਤਾਂ ਹੀ ਸ਼ਬਦ-ਜੋੜਾਂ ਦੇ ਅਰਥ ਤੇ ਉਹਨਾਂ ਦੇ ਉਚਾਰਨ ਵਿਚ ਸਪੱਸ਼ਟਤਾ ਆ ਸਕਦੀ ਹੈ। ਇਨ੍ਹਾਂ ਦੋਵਾਂ ਧੁਨੀਆਂ ਦਾ ਪੂਰਵ-ਗਿਆਨ ਨਾ ਹੋਣ ਕਾਰਨ ਇਨ੍ਹਾਂ ਨੂੰ ਇਕ ਦੂਜੇ ਦੀ ਥਾਂ ਵਰਤ ਲੈਣ ਨਾਲ ਕਈ ਵਾਰੀ ਅਰਥਾਂ ਦਾ ਅਨਰਥ ਹੋ ਜਾਂਦਾ ਹੈ। ਚਲਾਓ, ਵਜਾਓ, ਲਿਖਾਓ, ਵਰਸਾਓ ਆਦਿ ਕ੍ਰਿਆ ਰੂਪ ਹਨ ਅਤੇ ਇਹ ਕੁਝ ਕਰਨ ਦਾ ਸੁਝਾਅ ਜਾਂ ਆਦੇਸ਼ ਦਿੰਦੇ ਹਨ। ਬੰਦ ਮੂੰਹ ਵਾਲੇ 'ੳ' ਦੀ ਵਰਤੋਂ ਨਾਲ ਸ਼ਬਦ-ਜੋੜਾਂ ਦੇ ਅਰਥਾਂ ਵਿਚ ਵਰਤਾਓ ਅਤੇ ਵਰਤਾਉ ਸ਼ਬਦ ਜੋੜਾਂ ਦਾ ਵਿਸ਼ਲੇਸ਼ਣ ਕਰਨ 'ਤੇ ਪਤਾ ਲੱਗਦਾ ਹੈ ਕਿ ਇਹਨਾਂ ਦੇ ਅਰਥਾਂ ਵਿਚ ਕਾਫ਼ੀ ਭੇਦ ਹੈ। ਵਰਤਾਓ ਦਾ ਅਰਥ ਹੈ ਵਰਤਾ ਦੇਵੋ (ਜਿਵੇਂ ਲੰਗਰ ਵਰਤਾਓ) ਜਦ ਕਿ ਵਰਤਾਉ ਦਾ ਭਾਵ ਹੈ ਵਰਤਾਵ ਜਾਂ ਵਿਵਹਾਰ।

ਇਸੇ ਤਰ੍ਹਾਂ ਦਿਓ ਅਤੇ ਦਿਉ ਦੇ ਅਰਥਾਂ ਵਿਚ ਤਬਦੀਲੀ ਆਉਂਦੀ ਹੈ। ਖੁੱਲ੍ਹੇ ਮੂੰਹ ਵਾਲੇ ਊੜੇ (ਓ) ਨਾਲ ਬਣੇ ਦਿਓ ਦਾ ਅਰਥ ਹੈ ਦੈਂਤ। ਜਦਕਿ ਬੰਦ ਮੂੰਹ ਵਾਲੇ ਊੜੇ ਨਾਲ ਬਣੇ ਦਿਉ ਦਾ ਅਰਥ ਹੈ ਦੇਵੋ। ਇਸ ਤੋਂ ਸਪੱਸ਼ਟ ਹੈ ਕਿ 'ੳ' ਤੇ 'ਓ' ਦੀ ਸਹੀ ਢੰਗ ਨਾਲ ਵਰਤੋਂ ਕਰਨ ਨਾਲ ਹੀ ਸਹੀ ਸ਼ਬਦ ਜੋੜ ਬਣਾਏ ਜਾ ਸਕਦੇ ਹਨ।

ਹੋੜਾ (ੱ) ਤੇ ਕਨੌੜਾ (ੰ) ਦੀ ਵਰਤੋਂ

ਪੰਜਾਬੀ ਸ਼ਬਦ ਜੋੜਾਂ 'ਚ ਹੋੜਾ (ੱ) ਤੇ ਕਨੌੜਾ (ੰ) ਦੀ ਵਰਤੋਂ ਵੀ ਖ਼ਾਸ ਮਹੱਤਵ ਦੀ ਧਾਰਨੀ ਹੈ। ਇਨ੍ਹਾਂ ਦੋਵਾਂ ਮਾਤਰਾਵਾਂ ਦੇ ਇਕ ਦੂਜੇ ਦੀ ਥਾਂ ਇਸਤੇਮਾਲ ਹੋਣ ਨਾਲ ਸ਼ਬਦਾਂ ਦੇ ਅਰਥਾਂ 'ਚ ਭੇਦ ਹੋ ਜਾਂਦਾ ਹੈ। ਹੋੜਾ ਤੇ ਕਨੌੜਾ ਦੀ ਵਰਤੋਂ ਕਰਦਿਆਂ ਵਿਦਿਆਰਥੀਆਂ ਤੋਂ ਅਕਸਰ ਗ਼ਲਤੀਆਂ ਹੋ ਜਾਂਦੀਆਂ ਹਨ। ਬਹੁਤ ਸਾਰੇ ਲੋਕ ਕੋਲੀ ਨੂੰ ਕੋਲੀ, ਚੋਲ ਨੂੰ ਚੋਲ, ਔਰਤ ਨੂੰ ਓਰਤ ਤੇ ਹੌਲੀ ਨੂੰ ਹੋਲੀ ਵਰਗੇ ਗ਼ਲਤ ਸ਼ਬਦ-ਜੋੜ ਬੋਲ ਕੇ ਹੀ ਕੰਮ ਸ਼ਾਰ ਲੈਂਦੇ ਹਨ। ਸਾਨੂੰ ਇਹ ਗੱਲ ਧਿਆਨ ਨਾਲ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬੀ ਭਾਸ਼ਾ ਮੁੱਖ ਤੌਰ 'ਤੇ ਧੁਨੀਆਤਮਕ ਭਾਸ਼ਾ ਹੈ। ਦਰਅਸਲ ਵਿਦਿਆਰਥੀਆਂ ਨੂੰ ਹੋੜੇ ਤੇ ਕਨੌੜੇ ਦੀਆਂ ਧੁਨੀਆਂ ਦੇ ਭੇਦ ਦੀ ਸਮਝ ਨਾ ਹੋਣ ਕਾਰਨ ਅਜਿਹੀ ਗ਼ਲਤੀ ਦੀ ਸੰਭਾਵਨਾ ਬਣੀ ਰਹਿੰਦੀ ਹੈ। ਅਭਿਆਸ ਕਰਨ ਨਾਲ ਹੀ ਇਹ ਸਮੱਸਿਆ ਦੂਰ ਹੋ ਸਕਦੀ ਹੈ। ਸਭ ਤੋਂ ਪਹਿਲਾਂ ਹੋੜਾ ਤੇ ਕਨੌੜਾ ਦੀ ਧੁਨੀ ਦੀ ਪਛਾਣ ਹੋਣੀ ਚਾਹੀਦੀ ਹੈ।

ਸ਼ਬਦ-ਜੋੜਾਂ ਦੇ ਇਨ੍ਹਾਂ ਨੇਮਾਂ ਤੋਂ ਇਲਾਵਾ ਸ਼ਬਦ-ਜੋੜਾਂ ਬਾਰੇ ਕੁਝ ਹੋਰ ਫੁੱਟਕਲ ਗੱਲਾਂ ਧਿਆਨਯੋਗ ਹਨ। ਜਿਵੇਂ :-

1. ਅਗੇਤਰ ਨੂੰ ਸ਼ਬਦ ਨਾਲ ਜੋੜ ਕੇ ਲਿਖਣਾ ਜ਼ਰੂਰੀ ਹੈ। ਜਿਵੇਂ :- ਅਧਮੋਇਆ, ਅਣਕਿਆਸਾ, ਨਿਰਵਿਵਾਦ ਆਦਿ। ਪਰ ਇਹਨਾਂ ਨੂੰ ਅਧ-ਮੋਇਆ, ਅਣ-ਕਿਆਸਾ, ਤੇ ਨਿਰ-ਵਿਵਾਦ ਲਿਖਣਾ ਅਸ਼ੁੱਧ ਹੈ।

2. ਪਿਛੇਤਰ ਨੂੰ ਵੀ ਸ਼ਬਦ ਦੇ ਨਾਲ ਜੋੜ ਕੇ ਲਿਖਣਾ ਜ਼ਰੂਰੀ ਹੈ। ਜਿਵੇਂ :- ਚੁਗਲਖੋਰ, ਦੁਕਾਨਦਾਰ, ਦੁੱਧਵਾਲਾ ਆਦਿ।

3. ਸੰਬੰਧਕਾਂ ਨੂੰ ਹਮੇਸ਼ਾ ਸ਼ਬਦਾਂ ਨਾਲੋਂ ਵੱਖਰਾ ਕਰ ਕੇ ਲਿਖਣਾ ਚਾਹੀਦਾ ਹੈ। ਜਿਵੇਂ :- ਉਸਨੇ, ਤੁਹਾਡੇਵਾਸਤੇ,

ਸੁਨੀਲਦੀਂ ਆਦਿ ਨੂੰ, 'ਉਸ ਨੇ, ਤੁਹਾਡੇ ਵਾਸਤੇ ਤੇ ਸੁਨੀਲ ਦੀਂ ਲਿਖਣਾ ਸ਼ੁੱਧ ਹੈ।

4. ਸਮਾਸੀ ਸ਼ਬਦਾਂ ਨੂੰ ਲਿਖਣ 'ਚ ਗਲਤੀ ਕਾਰਨ ਵੀ ਸ਼ਬਦ ਜੋੜਾਂ 'ਚ ਅਰਥ ਭੇਦ ਹੋ ਜਾਂਦਾ ਹੈ। ਸਮਾਸੀ ਸ਼ਬਦਾਂ ਵਿਚਕਾਰ ਜੋੜਨੀ (-) ਜ਼ਰੂਰ ਲਾਓ। ਜਿਵੇਂ ਹੋਮ-ਗਾਰਡ, ਪੁਲਿਸ-ਦਸਤੇ, ਜਿਉਂਦੀ-ਜਾਗਦੀ, ਸ਼ਾਸਨ-ਪ੍ਰਣਾਲੀ ਆਦਿ।

5. ਸ਼ਬਦ ਜੋੜਾਂ ਵਿਚ ਜੋੜਨੀ (-) ਦਾ ਵਿਸ਼ੇਸ਼ ਮਹੱਤਵ ਹੈ। ਇਸ ਦੀ ਵਰਤੋਂ ਵਧੇਰੇ ਕਰਕੇ ਇਕੋ ਸ਼ਬਦ ਦੇ ਦੋ ਹਿੱਸਿਆਂ ਨੂੰ ਜੋੜਨ ਲਈ ਕੀਤੀ ਜਾਂਦੀ ਹੈ। ਕਿਸੇ ਸਤਰ ਦੇ ਅਖ਼ੀਰ ਉੱਪਰ ਜੇਕਰ ਕੋਈ ਸ਼ਬਦ ਪੂਰਾ ਨਾ ਹੋਏ ਤਾਂ ਉਸ ਸ਼ਬਦ ਦੇ ਪਹਿਲੇ ਹਿੱਸੇ ਨਾਲ ਜੋੜਨੀ (-) ਲਗਾ ਕੇ ਬਾਕੀ ਹਿੱਸੇ ਨੂੰ ਅਗਲੀ ਸਤਰ ਦੇ ਸ਼ੁਰੂ 'ਚ ਲਿਖ ਦੇਣਾ ਚਾਹੀਦਾ ਹੈ ਜਿਵੇਂ :

ਤੁਹਾਨੂੰ ਸਾਰਿਆਂ ਨੂੰ ਹੇਠ-

ਲੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਉਪਰੋਕਤ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਸ਼ਬਦ-ਜੋੜਾਂ ਦੀ ਇਕਸਾਰਤਾ ਬਹੁਤ ਜ਼ਰੂਰੀ ਹੈ। ਇਸੇ ਕਰਕੇ ਸ਼ਬਦ-ਜੋੜਾਂ ਦੇ ਮਿਆਰ 'ਚ ਵਾਧਾ ਕਰਨ ਦੀ ਲੋੜ ਪੈਦਾ ਹੁੰਦੀ ਹੈ। ਜੇਕਰ ਕਿਸੇ ਭਾਸ਼ਾ ਦੇ ਨੇਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਸ ਨਾਲ ਭਾਸ਼ਾ ਦਾ ਸਾਰਾ ਮਿਆਰ ਹੀ ਖਤਰੇ ਵਿਚ ਪੈ ਜਾਂਦਾ ਹੈ। ਵਿਆਕਰਣਕ ਤੌਰ 'ਤੇ ਨੇਮਾਂ ਦੀਆਂ ਧੱਜੀਆਂ ਉੱਡਣ ਲੱਗਦੀਆਂ ਹਨ ਅਤੇ ਭਾਸ਼ਾ ਦਾ ਮੁਹਾਂਦਰਾ ਵਿਗੜ ਜਾਂਦਾ ਹੈ। ਵਿਦਿਆਰਥੀਆਂ ਨੂੰ ਭਾਸ਼ਾ-ਵਿਗਿਆਨ ਸੰਬੰਧੀ ਸੁਚੇਤ ਹੋਣ ਦੀ ਵਧੇਰੇ ਲੋੜ ਹੈ। ਇਹਨਾਂ ਬਾਰੇ ਚੇਤਨਾ ਨਾ ਹੋਣ ਦੀ ਵਜ੍ਹਾ ਨਾਲ ਹੀ ਸ਼ਬਦ-ਜੋੜਾਂ ਦੀ ਵਰਤੋਂ ਸਮੇਂ ਗਲਤੀਆਂ ਵਾਪਰਦੀਆਂ ਹਨ। ਭਾਵੇਂ ਬੋਲੀ ਜ਼ੁਬਾਨੀ ਅਗਲੀਆਂ ਨਸਲਾਂ ਤੱਕ ਪਹੁੰਚਦੀ ਰਹਿੰਦੀ ਹੈ ਪਰ ਭਾਸ਼ਾ ਵਿਗਿਆਨੀ ਇਸ ਨੂੰ ਘੜ੍ਹ-ਤਰਾਸ਼ ਕੇ ਲੋਕਾਂ ਨੂੰ ਪਰੋਸਣ ਦਾ ਜਤਨ ਕਰਦੇ ਰਹਿੰਦੇ ਹਨ। ਇਸ ਲਈ ਸਕੂਲ ਪੱਧਰ ਤੋਂ ਹੀ ਭਾਸ਼ਾ ਦੇ ਵਿਆਕਰਣਕ ਨੇਮਾਂ ਦਾ ਗਿਆਨ ਦੇਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਭਾਵੇਂ ਵਿਦਿਆਰਥੀ ਵਿਆਕਰਣਕ ਨੇਮਾਂ ਦੀ ਜਾਚ ਸਿੱਖ ਲੈਂਦੇ ਹਨ। ਪਰ ਕਈ ਵਾਰੀ ਉਹਨਾਂ ਦਾ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਗਿਆਨ ਕੋਰਾ ਹੀ ਰਹਿ ਜਾਂਦਾ ਹੈ। ਬਾਹਰਲੀਆਂ ਭਾਸ਼ਾਵਾਂ ਦੇ ਮਾਰੂ ਹਮਲਿਆਂ ਤੋਂ ਵੀ ਭਾਸ਼ਾ ਨੂੰ ਬਚਾ ਕੇ ਰੱਖਣਾ ਬਹਤੁ ਜ਼ਰੂਰੀ ਹੋ ਜਾਂਦਾ ਹੈ। ਖ਼ਾਸ ਕਰਕੇ ਅਜੋਕੇ ਸਮੇਂ 'ਚ ਜਦੋਂ ਘੱਟ ਗਿਣਤੀ ਭਾਸ਼ਾਵਾਂ ਉੱਪਰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਭਾਸ਼ਾਵਾਂ ਦਾ ਦਬਾਅ ਵਧਦਾ ਜਾ ਰਿਹਾ ਹੈ ਤਾਂ ਇਨ੍ਹਾਂ ਭਾਸ਼ਾਵਾਂ ਦੀ ਹੋਂਦ ਖ਼ਤਰੇ ਵਿਚ ਹੈ। ਭਾਸ਼ਾ ਪ੍ਰਤੀ ਸੁਚੇਤ ਹੋਣ ਨਾਲ ਹੀ ਇਨ੍ਹਾਂ ਮਾਰੂ ਹਮਲਿਆਂ ਤੋਂ ਆਪਣੀ ਮਾਂ-ਬੋਲੀ ਨੂੰ ਬਚਾਇਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਪੰਜਾਬੀ ਭਾਸ਼ਾ ਦਾ ਸ਼ੁੱਧ ਰੂਪ ਬਰਕਰਾਰ ਰੱਖਣ ਲਈ ਪੰਜਾਬੀ ਵਿਦਵਾਨਾਂ ਨੇ ਸਮੇਂ ਸਮੇਂ ਸਿਰ ਸ਼ਬਦ-ਜੋੜਾਂ ਦੇ ਨੇਮ ਤਹਿ ਕੀਤੇ ਹਨ। ਪੰਜਾਬੀ ਦੀ ਮਾਝੀ ਬੋਲੀ ਨੂੰ ਟਕਸਾਲੀ ਰੂਪ ਦਿੱਤਾ ਗਿਆ ਹੈ। ਭਾਵੇਂ ਅਸੀਂ ਪੰਜਾਬੀ ਦੀਆਂ ਕਈ ਉੱਪ-ਬੋਲੀਆਂ ਬੋਲਦੇ ਹਾਂ ਪਰ ਲਿਖਿਤ ਰੂਪ 'ਚ ਅਸੀਂ ਟਕਸਾਲੀ ਬੋਲੀ ਦਾ ਹੀ ਇਸਤੇਮਾਲ ਕਰਦੇ ਹਾਂ। ਇਹ ਸ਼ਬਦ-ਜੋੜਾਂ ਕਾਰਨ ਹੀ ਸੰਭਵ ਹੋ ਸਕਦਾ ਹੈ।

ਪ੍ਰਸ਼ਨ ਪੱਤਰ

1. ਅਨੁਨਾਸਕ ਅੱਖਰ ਕਿਨ੍ਹਾਂ ਨੂੰ ਕਹਿੰਦੇ ਹਨ ? ਪੰਜਾਬੀ ਦੇ ਅਨੁਨਾਸਕਾਂ ਬਾਰੇ ਤੁਸੀਂ ਕੀ ਜਾਣਦੇ ਹੋ ?
2. 'ਹ' ਦੀ ਸ਼ੁੱਧ ਵਰਤੋਂ ਦੇ ਨੇਮ ਉਦਾਹਰਨਾਂ ਦੇ ਕੇ ਸਮਝਾਉ।
3. ਸ਼ਬਦ ਜੋੜਾਂ ਦੇ ਕੋਈ ਪੰਜ ਨੇਮ ਲਿਖੋ।

2. ਰਿਪੋਰਟਿੰਗ ਕਰਨਾ (ਸਮਾਚਾਰ) ਅਤੇ ਰਸਮੀ ਪੱਤਰ ਵਿਹਾਰ ਤੇ ਹੋਰ

ਰਿਪੋਰਟ ਲਿਖਣਾ :-

ਰਿਪੋਰਟ ਰਿਪੋਰਟਰ ਵਲੋਂ ਲਿਖੀ ਜਾਂਦੀ ਹੈ। ਇਸ ਅਮਲ ਨੂੰ ਰਿਪੋਰਟਿੰਗ ਆਖਿਆ ਜਾਂਦਾ ਹੈ। ਇਹ ਪੱਤਰਕਾਰੀ ਦੇ ਵਿਸ਼ੇ ਨਾਲ ਸੰਬੰਧਤ ਹੈ। ਇਸ ਰਾਹੀਂ ਕਿਸੇ ਘਟਨਾ ਜਾਂ ਦੁਰਘਟਨਾ ਦੇ ਵਾਪਰਨ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਆਪਣੀ ਅੱਖੀ ਵੇਖੀ ਸਮੁੱਚੀ ਹਾਲਤ ਨੂੰ ਹੂ-ਬ-ਹੂ ਬਿਆਨ ਕਰਨ ਨੂੰ ਹੀ ਰਿਪੋਰਟ ਕਿਹਾ ਜਾਂਦਾ ਹੈ। ਰਿਪੋਰਟ ਲਿਖਣ ਲਈ ਸਰਬ-ਪੱਖੀ ਗਿਆਨ ਹੋਣਾ ਲਾਜ਼ਮੀ ਹੈ। ਰਿਪੋਰਟਰ ਨੂੰ ਖੇਡਾਂ, ਧਰਮ, ਸਿਆਸਤ, ਆਰਥਿਕ ਮਾਮਲਿਆਂ, ਖੇਤੀਬਾੜੀ, ਵਿਗਿਆਨ ਆਦਿ ਵਿਸ਼ਿਆਂ ਬਾਰੇ ਚੋਖੀ ਸੂਝ ਹੋਣੀ ਚਾਹੀਦੀ ਹੈ। ਰਿਪੋਰਟ ਲਿਖਣ ਵਾਸਤੇ ਉਸ ਦੇ ਨਿਯਮਾਂ, ਵਿਚਾਰਾਂ ਅਤੇ ਹੋਰਨਾਂ ਤਰਕਾਂ ਦਾ ਧਿਆਨ ਰੱਖਣਾ ਵੀ ਬਹੁਤ ਜ਼ਰੂਰੀ ਹੈ। ਰਿਪੋਰਟਰ ਅਖ਼ਬਾਰ, ਰਸਾਲੇ, ਰੇਡੀਓ, ਟੈਲੀਵਿਜ਼ਨ ਆਦਿ ਕਿਸੇ ਵੀ ਸੰਚਾਰ-ਮਾਧਿਅਮ ਨਾਲ ਸੰਬੰਧਤ ਹੋ ਸਕਦੀ ਹੈ। ਅੱਜ-ਕੱਲ੍ਹ ਸੰਚਾਰ ਦੇ ਤੇਜ਼-ਤਰਾਰ ਸਾਧਨ ਆ ਜਾਣ ਕਾਰਨ ਰਿਪੋਰਟ ਦੀ ਪ੍ਰਕਿਰਿਆ ਵਿਚ ਤਬਦੀਲੀ ਆ ਰਹੀ ਹੈ। ਹੁਣ ਘਟਨਾ ਦੇ ਵਾਪਰਨ ਅਤੇ ਉਸ ਦੀ ਰਿਪੋਰਟਿੰਗ ਕਰਨ ਵਿਚ ਸਮੇਂ ਦਾ ਵਕਫਾ ਘੱਟ ਤੋਂ ਘੱਟ ਕਰਨ ਦੀ ਲੋੜ ਪੈਦਾ ਹੋ ਰਹੀ ਹੈ। ਅਖ਼ਬਾਰਾਂ, ਰੇਡੀਓ ਅਤੇ ਟੀ. ਵੀ. ਚੈਨਲਾਂ ਦਰਮਿਆਨ ਮੁਕਾਬਲੇਬਾਜ਼ੀ ਕਾਰਨ ਰਿਪੋਰਟ ਭੇਜਣ ਦੀ ਦੇਰੀ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪਰ ਰਿਪੋਰਟਰ ਜਾਂ ਪੱਤਰਕਾਰ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਜਲਦਬਾਜ਼ੀ ਵਿਚ ਤੱਥਾਂ ਦੀ ਪੂਰੀ ਤਰ੍ਹਾਂ ਪੁਸ਼ਟੀ ਕਰ ਲਵੇ। ਇਸ ਤਰ੍ਹਾਂ ਕਰਨ ਨਾਲ ਰਿਪੋਰਟ ਦਾ ਪ੍ਰਭਾਵ ਬਰਕਰਾਰ ਰਹੇਗਾ ਤੇ ਲੋਕਾਂ ਤੱਕ ਭਰਪੂਰ ਜਾਣਕਾਰੀ ਭੇਜਣ 'ਚ ਸਫ਼ਲਤਾ ਹਾਸਲ ਹੋਵੇਗੀ।

ਰਿਪੋਰਟ ਤਿਆਰ ਕਰਨ ਲੱਗਿਆਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਵਿਚ ਪੇਸ਼ ਘਟਨਾ ਦੀ ਤਹਿ ਤੱਕ ਪਹੁੰਚਿਆ ਜਾਏ। ਮੁੱਖ ਧਿਆਨ ਹਕੀਕਤ ਬਿਆਨ ਕਰਨ ਉੱਪਰ ਕੇਂਦ੍ਰਿਤ ਹੋਣਾ ਚਾਹੀਦਾ ਹੈ। ਰਾਜਨੀਤਕ ਜਾਂ ਸਮਾਜ, ਵਿਕਾਸ ਨਾਲ ਸੰਬੰਧਤ ਰਿਪੋਰਟ ਲਿਖਣ ਸਮੇ ਚੰਗੇ ਮੰਦੇ ਪੱਖਾਂ ਦਾ ਸਾਹਮਣੇ ਆਉਣਾ ਬਹੁਤ ਜ਼ਰੂਰੀ ਹੈ। ਮੀਡੀਆ ਦੇ ਪਾਸਾਰ ਨਾਲ ਰਿਪੋਰਟਾਂ ਪੜ੍ਹਨ, ਸੁਣਨ ਅਤੇ ਵੇਖਣ ਵਿਚ ਲੋਕਾਂ ਦੀ ਦਿਲਚਸਪੀ ਵਧ ਰਹੀ ਹੈ। ਅਪਰਾਧਾਂ ਦੀ ਦੁਨੀਆ ਨਾਲ ਸੰਬੰਧਤ ਘਟਨਾਵਾਂ ਬਾਰੇ ਰਿਪੋਰਟਾਂ ਵਿਚ ਲੋਕਾਂ ਦੀ ਵਧੇਰੇ ਰੁਚੀ ਰਹਿੰਦੀ ਹੈ। ਇਸ ਲਈ ਪੱਤਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਹਨਾਂ ਨੂੰ ਸੁਚੇ ਤ ਢੰਗ ਨਾਲ ਪੇਸ਼ ਕਰੇ ਤਾਂ ਜੋ ਲੋਕਾਂ ਅੰਦਰ ਇਸ ਮਸਲੇ ਬਾਰੇ ਇਕ ਸੁਚਾਰੂ ਸੋਚ ਪੈਦਾ ਕੀਤੀ ਜਾ ਸਕੇ।

ਰਿਪੋਰਟ ਲਿਖਣ ਤੋਂ ਪਹਿਲਾਂ ਕਿਸੇ ਘਟਨਾ ਦੇ ਪਿਛੋਕੜ ਅਤੇ ਉਸਦੇ ਕਾਰਨਾਂ ਦੀ ਜਾਂਚ ਪੜਤਾਲ ਕਰ ਲੈਣੀ ਜ਼ਰੂਰੀ ਹੈ ਕਿਉਂਕਿ ਰਿਪੋਰਟ ਦਾ ਆਮ ਲੋਕਾਂ ਉੱਪਰ ਸਿੱਧਾ ਅਸਰ ਪੈਦਾ ਹੈ। ਇਸ ਲਈ ਰਿਪੋਰਟ ਨੂੰ ਕਿਸੇ ਰਿਪੋਰਟ ਬਾਰੇ ਲੋਕਾਂ ਦੀ ਪ੍ਰਤੀਕਿਰਿਆ ਨੂੰ ਧਿਆਨ 'ਚ ਰੱਖ ਕੇ ਹੀ ਰਿਪੋਰਟ ਤਿਆਰ ਕਰਨੀ ਚਾਹੀਦੀ ਹੈ। ਰਿਪੋਰਟ ਸਪੱਸ਼ਟ ਤੇ ਸਾਫ਼ ਸੁਥਰੀ ਹੋਣੀ ਚਾਹੀਦੀ ਹੈ। ਸੌਖੇ ਅਤੇ ਆਮ ਲੋਕਾਂ ਦੀ ਸਮਝ ਵਿਚ ਆਉਣ ਵਾਲੇ ਸ਼ਬਦਾਂ ਦੀ ਵਰਤੋਂ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਰਿਪੋਰਟ ਅਸਾਨ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ 'ਚ ਮਦਦ ਮਿਲਦੀ ਹੈ। ਵਾਕ ਵੀ ਛੋਟੇ ਹੋਣੇ ਚਾਹੀਦੇ ਹਨ। ਇਕ ਪੈਰ੍ਹੇ ਵਿਚ ਇਕ ਵਿਚਾਰ ਨੂੰ ਹੀ ਪੇਸ਼ ਕੀਤਾ ਜਾਵੇ ਤੇ ਦੂਜਾ ਪੈਰ੍ਹਾ ਅਗਲੇ ਵਿਚਾਰ ਨਾਲ ਸ਼ੁਰੂ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਰਦਿਆਂ ਲੜੀਵਾਰ ਢੰਗ ਨਾਲ ਵਿਚਾਰ ਪੇਸ਼ ਕੀਤੇ ਜਾਣ। ਇਸ ਤਰ੍ਹਾਂ ਰਿਪੋਰਟ ਲਿਖਣ ਨਾਲ ਇਕ ਪ੍ਰਭਾਵਸ਼ਾਲੀ ਰਿਪੋਰਟ ਤਿਆਰ ਕੀਤੀ ਜਾ ਸਕਦੀ ਹੈ। ਹੁਣ ਅਸੀ ਵਿਦਿਆਰਥੀਆਂ ਦੀ ਸਿਖਲਾਈ ਲਈ ਉਦਾਹਰਨ ਦੇ ਕੇ ਰਿਪੋਰਟ ਲਿਖਣ ਦਾ ਅਭਿਆਸ ਕਰ ਰਹੇ ਹਾਂ।

ਸੈਮੀਨਾਰ ਬਾਰੇ ਰਿਪੋਰਟ :-

21 ਫ਼ਰਵਰੀ, 2009 ਨੂੰ ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਤੇ ਪੰਜਾਬੀ ਅਕਾਦਮੀ, ਦਿੱਲੀ ਨੇ ਮਿਲਾ ਕੇ ਦਿੱਲੀ

ਯੂਨੀਵਰਸਿਟੀ 'ਚ 'ਪੰਜਾਬੀ ਗਲਪ ਦੇ ਮਸਲੇ' ਨਾਂ ਹੇਠ ਇਕ ਸੈਮੀਨਾਰ ਦਾ ਪ੍ਰਬੰਧ ਕੀਤਾ। ਸੈਮੀਨਾਰ ਸਵੇਰੇ 10 ਵਜੇ ਸ਼ੁਰੂ ਹੋ ਕੇ ਸ਼ਾਮੀਂ 5 ਵਜੇ ਸੰਪੂਰਨ ਹੋਇਆ। ਸੈਮੀਨਾਰ ਦਾ ਮੁੱਖ ਭਾਸ਼ਣ ਡਾ. ਸੁਤਿੰਦਰ ਸਿੰਘ ਨੂਰ ਨੇ ਦਿੱਤਾ। ਇਸ ਦੀ ਪ੍ਰਧਾਨਗੀ ਦਿੱਲੀ ਯੂਨੀਵਰਸਿਟੀ 'ਚ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰ ਡਾ. ਮਨਜੀਤ ਸਿੰਘ ਨੇ ਕੀਤੀ। ਡਾ. ਕੁਲਜੀਤ ਸ਼ੈਲੀ ਇਸ ਸੈਮੀਨਾਰ ਦੇ ਮੁੱਖ ਮਹਿਮਾਨ ਸਨ।

ਇਸ ਸੈਮੀਨਾਰ 'ਚ ਡਾ. ਨਰਿੰਦਰ ਸਿੰਘ, ਡਾ. ਕੁਲਬੀਰ ਗੌਜਰਾ, ਡਾ. ਜਸਪਾਲ ਕੌਰ, ਡਾ. ਪਰਮਜੀਤ ਕੌਰ, ਡਾ. ਵਨੀਤਾ, ਸੁਰਜੀਤ ਪਾਤਰ ਅਤੇ ਡਾ. ਕੁਲਬੀਰ ਸਿੰਘ ਕਾਂਗ ਨੇ ਆਪਣੇ ਪਰਚੇ ਪੜ੍ਹੇ। ਸਾਰੇ ਵਿਦਵਾਨਾਂ ਨੇ ਆਪਣੀ ਸੂਝ ਅਨੁਸਾਰ ਪੰਜਾਬੀ ਗਲਪ ਦੇ ਮਸਲਿਆਂ ਉੱਪਰ ਝਾਤ ਪਾਈ।

ਬਹਿਸ ਵਿਚ ਡਾ. ਕੁਲਜੀਤ ਭਾਟੀਆ, ਡਾ. ਮਨਜੀਤ ਕੌਰ, ਡਾ. ਬੇਅੰਤ ਕੌਰ ਤੇ ਹੋਰਨਾਂ ਸਰੋਤਿਆਂ ਨੇ ਸੁਆਲ ਪੁੱਛ ਕੇ ਉੱਠੇ ਮਸਲਿਆਂ ਉੱਪਰ ਬਹਿਸ ਸ਼ੁਰੂ ਕੀਤੀ। ਪਰਚਾਕਾਰਾਂ ਨੇ ਸੁਆਲਾਂ ਦਾ ਜੁਆਬ ਦੇ ਕੇ ਪੈਦਾ ਹੋਏ ਭੁਲੇਖਿਆਂ ਨੂੰ ਦੂਰ ਕੀਤਾ।

ਬਹਿਸ ਨੂੰ ਸਮੇਟਦਿਆਂ ਸੈਮੀਨਾਰ ਦੇ ਪ੍ਰਧਾਨ ਡਾ. ਮਨਜੀਤ ਸਿੰਘ ਨੇ ਇਸ ਨੂੰ ਇਕ ਬਹੁਤ ਹੀ ਸਾਰਥਕ ਸੈਮੀਨਾਰ ਕਰਾਰ ਦਿੰਦਿਆਂ ਇਸ ਦੀ ਸ਼ਲਾਘਾ ਕੀਤੀ ਤੇ ਪਰਚਾਕਾਰਾਂ ਨੂੰ ਵਧਾਈ ਦਿੱਤੀ। ਸੈਮੀਨਾਰ 'ਚ ਹਾਜ਼ਰ ਸਰੋਤਿਆਂ ਨੇ ਇਸ ਸੈਮੀਨਾਰ ਉੱਪਰ ਤਸੱਲੀ ਦਾ ਪ੍ਰਗਟਾਵਾ ਕੀਤਾ।

ਸਮਾਚਾਰ ਲਿਖਣ ਦੀ ਵਿਧੀ ਤੇ ਤੱਤ

ਸਮਾਚਾਰ ਜਾਂ ਖ਼ਬਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਨਿਊਜ਼ (News) ਦਾ ਸਮਾਨਰਥੀ ਹੈ। New ਦਾ ਅਰਥ ਨਵਾਂ ਹੁੰਦਾ ਹੈ। ਸੋ ਹਰ ਨਵੀਂ ਘਟਨਾ, ਗੱਲ ਜਾਂ ਕਾਰਜ ਸਮਾਚਾਰ ਹੁੰਦੇ ਹਨ। ਸਮਾਚਾਰ ਦਾ ਸੰਬੰਧ ਕੋਨੇ-ਕੋਨੇ ਤੱਕ ਹੁੰਦਾ ਹੈ। News ਦਾ ਅਰਥ North, East, West, South ਤੋਂ ਲਿਆ ਜਾਂਦਾ ਹੈ। ਸਮਾਚਾਰ ਬਾਰੇ ਵੱਖੋ-ਵੱਖਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਪਰ ਇਸ ਬਾਰੇ ਜੋ ਇਕ ਰਾਏ ਸਾਂਝੀ ਬਣਦੀ ਹੈ, ਉਹ ਇਹ ਹੈ ਕਿ ਸਮਾਚਾਰ ਕਿਸੇ ਤਤਕਾਲੀ ਘਟਨਾ ਕਾਰਨ ਹੋਂਦ ਵਿਚ ਆਉਂਦਾ ਹੈ। ਇਸ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਦੀ ਹੈ। ਹਰ ਖ਼ਬਰ ਦਾ ਲੋਕਾਂ ਉੱਪਰ ਸਿੱਧੇ ਜਾਂ ਅਸਿੱਧੇ ਢੰਗ ਨਾਲ ਅਸਰ ਪੈਂਦਾ ਹੈ। ਦਰਅਸਲ ਹਰ ਸਮਾਚਾਰ 'ਚ ਕੁਝ ਮੂਲ ਤੱਤਾਂ ਦਾ ਹੋਣਾ ਲਾਜ਼ਮੀ ਹੁੰਦਾ ਹੈ। ਸਮਾਚਾਰ ਨੂੰ ਸਮਝਣ ਲਈ ਇਸ ਦੇ ਮੂਲ ਤੱਤਾਂ ਉੱਪਰ ਝਾਤ ਪਾਉਣੀ ਜ਼ਰੂਰੀ ਹੈ।

ਸਮਾਚਾਰਾਂ ਦੇ ਮੂਲ ਤੱਤ :- ਸਮਾਚਾਰਾਂ ਦੇ ਮੂਲ ਤੱਤ ਹੇਠ ਲਿਖੇ ਅਨੁਸਾਰ ਹਨ।

1. **ਤੱਤਕਾਲਤਾ** :- ਤੱਤਕਾਲਤਾ ਦਾ ਸਮਾਚਾਰ ਨਾਲ ਬਹੁਤ ਗਹਿਰਾ ਸੰਬੰਧ ਹੈ। ਖ਼ਬਰ ਦਾ ਅਸਰ ਤਾਂ ਹੀ ਹੋ ਸਕਦਾ ਹੈ ਜੇਕਰ ਉਸ ਨੂੰ ਘਟਨਾ ਦੇ ਵਾਪਰਨ ਮਗਰੋਂ ਤੁਰੰਤ ਨਸ਼ਰ ਕਰ ਦਿੱਤਾ ਜਾਏ। ਅਜੋਕੇ ਸੰਚਾਰ ਦੇ ਤੇਜ਼ ਰਫ਼ਤਾਰ ਜ਼ਮਾਨੇ 'ਚ ਖ਼ਬਰ ਦੀ ਦੇਰੀ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਅੱਜ-ਕੱਲ੍ਹ ਤਾਂ ਘਟਨਾ ਦੇ ਵਾਪਰਨ ਦੇ ਨਾਲ-ਨਾਲ ਖ਼ਬਰ ਪ੍ਰਸਾਰਤ ਕਰਨ ਦਾ ਚਲਣ ਸ਼ੁਰੂ ਹੋ ਚੁੱਕਿਆ ਹੈ। ਇਸ ਲਈ ਫ਼ੋਨ, ਫੈਕਸ ਜਾਂ ਸੰਚਾਰ ਦੇ ਕਿਸੇ ਹੋਰ ਸਾਧਨ ਰਾਹੀਂ ਖ਼ਬਰ ਨੂੰ ਮਿੰਟਾਂ ਸਕਿੰਟਾਂ ਵਿਚ ਇਸ ਦੀ ਮੰਜ਼ਿਲ ਤੱਕ ਪਹੁੰਚਾਇਆ ਜਾ ਸਕਦਾ ਹੈ। ਸੋ ਤੱਤਕਾਲਤਾ ਸਮਾਚਾਰ ਦਾ ਇਕ ਮਹੱਤਵਪੂਰਨ ਅੰਗ ਹੈ।

2. **ਸਥਾਨਕਤਾ** :- ਆਪਣੇ ਨੇੜਲੇ ਇਲਾਕੇ ਵਿਚ ਵਾਪਰੀ ਘਟਨਾ 'ਚ ਲੋਕਾਂ ਨੂੰ ਵਧੇਰੇ ਦਿਲਚਸਪੀ ਹੁੰਦੀ ਹੈ। ਇਸ ਕਰਕੇ ਅਖ਼ਬਾਰਾਂ ਹੁਣ ਖੇਤਰੀ ਤੇ ਸਥਾਨਕ ਖ਼ਬਰਾਂ ਨੂੰ ਮਹੱਤਵ ਦੇਣ ਲੱਗ ਪਈਆਂ ਹਨ। ਖ਼ਬਰਾਂ ਨੂੰ ਵੱਧ ਤੋਂ ਵੱਧ ਸਥਾਨਕ ਰੰਗਣ ਪ੍ਰਦਾਨ ਕੀਤੀ ਜਾਂਦੀ ਹੈ। ਰਾਸ਼ਟਰੀ ਪੱਧਰ ਦੀਆਂ ਅਖ਼ਬਰਾਂ 'ਚ ਵੀ ਸਥਾਨਕ ਖ਼ਬਰਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ।

3. **ਮਹੱਤਤਾ** :- ਹਰ ਕਿਸਮ ਦੀਆਂ ਖ਼ਬਰਾਂ ਦੀ ਆਪਣੀ ਇਕ ਵੱਖਰੀ ਪਛਾਣ ਅਤੇ ਅਹਿਮੀਅਤ ਹੁੰਦੀ ਹੈ। ਵਪਾਰ ਜਗਤ, ਖੇਡ ਜਗਤ, ਸਿੱਖਿਆ, ਮਨੋਰੰਜਨ, ਕਾਰੋਬਾਰ, ਸਿਹਤ ਆਦਿ ਵਿਸ਼ਿਆਂ ਨਾਲ ਸੰਬੰਧਤ ਖ਼ਬਰਾਂ ਵਿਚ ਲੋਕਾਂ ਦੀ ਰੁਚੀ ਦੇ ਮੱਦੇਨਜ਼ਰ ਸਮਾਚਾਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀਆਂ ਖ਼ਬਰਾਂ ਨੂੰ ਅਖ਼ਬਾਰਾਂ ਵਿਚ ਵਿਸ਼ੇਸ਼ ਮਹੱਤਵ ਹਾਸਲ ਹੁੰਦਾ ਹੈ।

4. ਲੋਕਾਂ ਦੀ ਰੁਚੀ :- ਸਮਾਚਾਰਾਂ ਵਿਚ ਲੋਕਾਂ ਦੀ ਰੁੱਚੀ ਦਾ ਵੀ ਖ਼ਾਸ ਖ਼ਿਆਲ ਰੱਖਿਆ ਜਾਂਦਾ ਹੈ। ਲੋਕਾਂ ਦੀ ਵੱਖ-ਵੱਖ ਕਿਸਮ ਦੇ ਸਮਾਚਾਰਾਂ 'ਚ ਵੱਖੋ-ਵੱਖਰੀ ਰੁਚੀ ਹੋ ਸਕਦੀ ਹੈ। ਪਰ ਕੁਝ ਮੂਲ ਵਿਸ਼ਿਆਂ ਉੱਪਰ ਸਾਰੇ ਲੋਕਾਂ ਦੀ ਦਿਲਚਸਪੀ ਬਣ ਸਕਦੀ ਹੈ। ਇਸ ਤਰ੍ਹਾਂ ਦੀਆਂ ਖ਼ਬਰਾਂ ਪਾਠਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ। ਦੁਰਘਟਨਾ ਜਾਂ ਕਿਸੇ ਕਰਾਮਾਤ ਵਰਗੇ ਸਮਾਚਾਰਾਂ ਵਿਚ ਪਾਠਕਾਂ ਨੂੰ ਵਧੇਰੇ ਰੁਚੀ ਹੁੰਦੀ ਹੈ। ਮਹਾਨ ਵਿਅਕਤੀਆਂ ਨਾਲ ਸੰਬੰਧਤ ਛੋਟੀਆਂ-ਛੋਟੀਆਂ ਘਟਨਾਵਾਂ ਬਾਰੇ ਖ਼ਬਰਾਂ ਵੀ ਪਾਠਕਾਂ ਨੂੰ ਆਕਰਸ਼ਿਤ ਕਰਨ 'ਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ।

5. ਸਿੱਖਿਆਤਮਕ ਅਤੇ ਗਿਆਨ ਭਰਪੂਰ :- ਸਮਾਚਾਰ ਦਾ ਮਕਸਦ ਲੋਕਾਂ ਦੀ ਸਿੱਖਿਆ ਅਤੇ ਬੁੱਧੀ ਵਿਚ ਵਾਧਾ ਕਰਨਾ ਵੀ ਹੈ। ਸਮਾਚਾਰ ਇਸ ਤਰ੍ਹਾਂ ਪੇਸ਼ ਕੀਤੇ ਜਾਣੇ ਚਾਹੀਦੇ ਹਨ ਕਿ ਉਹਨਾਂ ਰਾਹੀਂ ਪਾਠਕਾਂ ਵਿਚ ਚੇਤਨਾ ਪੈਦਾ ਕੀਤੀ ਜਾ ਸਕੇ ਤੇ ਉਹਨਾਂ ਨੂੰ ਭਰਪੂਰ ਜਾਣਕਾਰੀ ਹਾਸਲ ਹੋਵੇ।

6. ਮਾਨਵ ਪੱਖੀ ਸਮਾਚਾਰ :- ਸਮਾਚਾਰਾਂ ਅੰਦਰ ਮਾਨਵਤਾ ਬਾਰੇ ਜਿਨੀ ਵਧੇਰੇ ਗੱਲ ਕੀਤੀ ਜਾਏਗੀ ਪਾਠਕ ਵਰਗ ਉਨਾਂ ਹੀ ਜ਼ਿਆਦਾ ਪ੍ਰਭਾਵਿਤ ਹੋਵੇਗਾ। ਔਰਤਾਂ ਦੀ ਦੁਰਦਸ਼ਾ, ਅੰਗਹੀਣਤਾ ਉੱਪਰ ਜਿੱਤਾਂ ਜਾਂ ਮਨੁੱਖੀ ਸਰੋਕਾਰਾਂ ਨਾਲ ਸੰਬੰਧਤ ਸਮਾਚਾਰ ਪਾਠਕਾਂ ਨੂੰ ਵਧੇਰੇ ਆਕਰਸ਼ਿਤ ਕਰਦੇ ਹਨ। ਇਸ ਲਈ ਮਨੁੱਖੀ ਹਿੱਤਾਂ ਦੀ ਗੱਲ ਕਰਨਾ ਸਮਾਚਾਰਾਂ ਦਾ ਮੁੱਖ ਤੱਤ ਹੈ।

ਸਮਾਚਾਰ ਲਿਖਣ ਦੀ ਵਿਧੀ :- ਸਮਾਚਾਰ ਸਹੀ ਢੰਗ ਨਾਲ ਪਾਠਕਾਂ ਤੱਕ ਪਹੁੰਚਾਇਆ ਜਾ ਸਕੇ ਤੇ ਉਸ ਦੇ ਪ੍ਰਭਾਵ ਵਿਚ ਕੋਈ ਕਸਰ ਬਾਕੀ ਨਾ ਰਹੇ, ਇਸ ਲਈ ਇਹਨਾਂ ਨੂੰ ਲਿਖਣ ਲੱਗਿਆਂ ਕਈ ਸਾਵਧਾਨੀਆਂ ਵਰਤਣ ਦੀ ਲੋੜ ਪੈਂਦੀ ਹੈ। ਥੋੜ੍ਹੇ ਸ਼ਬਦਾਂ ਵਿਚ ਸਰਲ ਤੇ ਸਪੱਸ਼ਟ ਭਾਸ਼ਾ ਰਾਹੀਂ ਸਮਾਚਾਰ ਨੂੰ ਪ੍ਰਸਤੁਤ ਕੀਤਾ ਜਾਵੇ ਤਾਂ ਇਹ ਪਾਠਕਾਂ ਦੀ ਦਿਲਚਸਪੀ ਵਿਚ ਵਾਧਾ ਕਰਦਾ ਹੈ। ਸਰਲ ਤੇ ਠੁੱਕਦਾਰ ਸਮਾਚਾਰ ਲਿਖਣ ਲਈ ਆਮ ਤੌਰ 'ਤੇ ਤਿੰਨ ਵਿਧੀਆਂ ਅਪਣਾਈਆਂ ਜਾਂਦੀਆਂ ਹਨ।

1. ਉਲਟੀ ਤਿਕੋਣ ਵਿਧੀ :- ਇਸ ਵਿਧੀ ਅਨੁਸਾਰ ਸਮਾਚਾਰ ਲਿਖਣ ਸਮੇਂ ਸਭ ਤੋਂ ਪਹਿਲਾਂ ਇਸ ਦੇ ਮਹੱਤਵਪੂਰਨ ਤੱਤ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਮਗਰੋਂ ਵਾਪਰੀ ਘਟਨਾ ਨੂੰ ਸਭ ਤੋਂ ਪਹਿਲਾਂ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਹੌਲੀ ਹੌਲੀ ਸਮਾਚਾਰ ਦੇ ਤੱਤਾਂ ਦੀ ਮਹੱਤਤਾ ਘਟਦੀ ਜਾਂਦੀ ਹੈ। ਅੰਤ ਵਿਚ ਸਭ ਤੋਂ ਘੱਟ ਮਹੱਤਵ ਵਾਲੇ ਤੱਤ ਰਹਿ ਜਾਂਦੇ ਹਨ। ਇਸ ਤਰ੍ਹਾਂ ਸਮਾਚਾਰ ਲਿਖਣ ਦੀ ਵਿਧੀ ਨਾਲ ਪਾਠਕ ਪਹਿਲੇ ਪੈਰ੍ਹੇ ਵਿਚ ਹੀ ਸਮਾਚਾਰ ਦੀ ਪੂਰੀ ਜਾਣਕਾਰੀ ਹਾਸਲ ਕਰ ਲੈਂਦਾ ਹੈ।

2. ਸਿੱਧੀ ਤਿਕੋਣ ਵਿਧੀ :- ਇਹ ਸਮਾਚਾਰ ਲਿਖਣ ਦੀ ਪੁਰਾਤਣ ਵਿਧੀ ਹੈ। ਇਸ ਵਿਧੀ ਰਾਹੀਂ ਸਮਾਚਾਰ ਲਿਖਣ ਸਮੇਂ ਇਸ ਨੂੰ ਕਾਲਕ੍ਰਮ ਅਨੁਸਾਰ ਲਿਖਿਆ ਜਾਂਦਾ ਹੈ। ਖ਼ਬਰ ਦੇ ਤੱਥਾਂ ਨੂੰ ਮਹੱਤਵ ਦੇ ਆਧਾਰ 'ਤੇ ਅੱਗੇ ਪਿੱਛੇ ਨਹੀਂ ਕੀਤਾ ਜਾ ਸਕਦਾ। ਸਮਾਚਾਰ ਦੀ ਕਾਂਟ-ਛਾਂਟ ਦੀ ਵੀ ਕੋਈ ਸੰਭਾਵਨਾ ਨਹੀਂ ਰਹਿੰਦੀ। ਅਜਿਹਾ ਕਰਨ ਨਾਲ ਖ਼ਬਰ ਦਾ ਅਸਰ ਘਟ ਸਕਦਾ ਹੈ। ਇਸ ਵਿਧੀ ਰਾਹੀਂ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ ਕਿ ਇਸ ਦੀ ਸ਼ੁਰੂਆਤ ਕਿਸੇ ਰੋਚਕ ਤੱਥ ਨਾਲ ਕੀਤੀ ਜਾਵੇ। ਇਸ ਤਰ੍ਹਾਂ ਕਰਨ ਨਾਲ ਪਾਠਕ ਵਧੇਰੇ ਦਿਲਚਸਪੀ ਨਾਲ ਸਮਾਚਾਰ ਨੂੰ ਪੜ੍ਹੇਗਾ। ਵਿਸ਼ੇਸ਼ ਲੇਖਾਂ ਵਿਚ ਸਿੱਧੀ ਤਿਕੋਣ ਵਿਧੀ ਦੀ ਵਰਤੋਂ ਬਹੁਤ ਲਾਭਦਾਇਕ ਮੰਨੀ ਜਾਂਦੀ ਹੈ।

3. ਮਿਸ਼ਰਿਤ ਵਿਧੀ :- ਉਪਰੋਕਤ ਦੋਵਾਂ ਵਿਧੀਆਂ ਨੂੰ ਮਿਲਾ ਕੇ ਸਮਾਚਾਰ ਲਿਖਣ ਦੀ ਵਿਧੀ ਨੂੰ ਮਿਸ਼ਰਿਤ ਵਿਧੀ ਆਖਿਆ ਜਾਂਦਾ ਹੈ। ਇਸ ਵਿਧੀ ਰਾਹੀਂ ਸਮਾਚਾਰ ਦੀ ਸ਼ੁਰੂਆਤ ਸਭ ਤੋਂ ਮਹੱਤਵਪੂਰਨ ਤੱਥ ਨਾਲ ਹੁੰਦੀ ਹੈ। ਖ਼ਬਰ ਦੇ ਵਿਚਕਾਰਲੇ ਹਿੱਸੇ ਵਿਚ ਇਕੋ ਜਿਹੇ ਮਹੱਤਵ ਵਾਲੇ ਤੱਥਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਅੰਤ ਵਿਚ ਘੱਟ ਮਹੱਤਵ ਵਾਲੇ ਤੱਥ ਲਿਖੇ ਜਾਂਦੇ ਹਨ। ਬਜਟ ਦੇ ਸਮਾਚਾਰ ਇਸੇ ਵਿਧੀ ਰਾਹੀਂ ਲਿਖੇ ਜਾਂਦੇ ਹਨ। ਵਿਆਖਿਆਤਮਕ ਸਮਾਚਾਰ ਵੀ ਇਸੇ ਵਿਧੀ ਰਾਹੀਂ ਲਿਖੇ ਜਾਂਦੇ ਹਨ।

ਸਮਾਚਾਰਾਂ ਦੇ ਪ੍ਰਕਾਰ :- ਸਮਾਚਾਰ ਦੋ ਪ੍ਰਕਾਰ ਦੇ ਹੁੰਦੇ ਹਨ। ਸਖ਼ਤ ਸਮਾਚਾਰ ਤੇ ਨਰਮ ਸਮਾਚਾਰ। ਹੇਠਾਂ ਅਸੀਂ ਇਹਨਾਂ ਦੀ ਵੇਰਵੇ ਸਹਿਤ ਵਿਆਖਿਆ ਕਰ ਰਹੇ ਹਾਂ।

1. ਸਖ਼ਤ ਸਮਾਚਾਰ :- ਸਖ਼ਤ ਸਮਾਚਾਰ ਜ਼ਿਆਦਾਤਰ ਤੁਰੰਤ ਵਾਪਰੀਆਂ ਘਟਨਾਵਾਂ ਨਾਲ ਸੰਬੰਧਤ ਹੁੰਦੇ ਹਨ। ਇਸ ਤਰ੍ਹਾਂ ਦੀਆਂ ਖ਼ਬਰਾਂ 'ਚ ਆਮ ਤੌਰ 'ਤੇ ਕਿਹੜੀ ਘਟਨਾ ਵਾਪਰੀ ਹੈ, ਕਿਸ ਸਮੇਂ ਵਾਪਰੀ ਹੈ, ਕਿੱਥੇ ਵਾਪਰੀ ਹੈ ਤੇ ਇਸ

ਦੇ ਕੀ ਕਾਰਨ ਹਨ, ਦਾ ਵੇਰਵਾ ਦਿੱਤਾ ਹੁੰਦਾ ਹੈ। ਇਸ ਤਰ੍ਹਾਂ ਦੀਆਂ ਖ਼ਬਰਾਂ ਨੂੰ ਸਮਾਚਾਰ ਪੱਤਰਾਂ 'ਚ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਹਨਾਂ ਨੂੰ ਇਕ ਨਿਸ਼ਚਿਤ ਸਮੇਂ ਸੀਮਾ ਅੰਦਰ ਹੀ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ। ਜਿਵੇਂ ਭਾਰਤ-ਪਾਕਿਸਤਾਨ ਵਿਚਕਾਰ ਕਾਰਗਿਲ ਦੀ ਜੰਗ ਦੀਆਂ ਖ਼ਬਰਾਂ ਨੂੰ ਉਸ ਸਮੇਂ ਦੌਰਾਨ ਹੀ ਛਾਪਿਆ ਜਾ ਸਕਦਾ ਸੀ। ਮਗਰੋਂ ਇਸ ਤਰ੍ਹਾਂ ਦੀਆਂ ਖ਼ਬਰਾਂ ਅਰਥਹੀਣ ਲੱਗਦੀਆਂ ਹਨ। ਅਪਰਾਧਕ ਮਾਮਲਿਆਂ ਨਾਲ ਸੰਬੰਧਤ ਸਮਾਚਾਰਾਂ ਦੀ ਅਹਿਮੀਅਤ ਵੀ ਉਹਨਾਂ ਦੀਆਂ ਘਟਨਾਵਾਂ ਦੇ ਸਮੇਂ ਨਾਲ ਹੀ ਬਰਕਰਾਰ ਰਹਿ ਸਕਦੀ ਹੈ।

2. ਨਰਮ ਸਮਾਚਾਰ :- ਨਰਮ ਸਮਾਚਾਰਾਂ ਦੀ ਆਪਣੀ ਇਕ ਖ਼ਾਸ ਅਹਿਮੀਅਤ ਹੈ। ਇਸ ਕਿਸਮ ਦੀਆਂ ਖ਼ਬਰਾਂ ਰਾਹੀਂ ਘਟਨਾਵਾਂ ਦਾ ਵਿਸ਼ਲੇਸ਼ਣ ਕਰਕੇ ਉਸ ਦੇ ਕਾਰਨਾਂ ਤੇ ਪਿਛੋਕੜ ਉੱਪਰ ਰੌਸ਼ਨੀ ਪਾਈ ਜਾਂਦੀ ਹੈ। ਨਰਮ ਸਮਾਚਾਰ ਕਿਸੇ ਮਸਲੇ ਦੀ ਵਿਆਖਿਆ ਕਰਨ 'ਚ ਮਦਦਗਾਰ ਸਿੱਧ ਹੁੰਦੇ ਹਨ। ਇਹਨਾਂ ਸਮਾਚਾਰਾਂ ਦੀ ਵੀ ਸਮੇਂ ਦੀ ਇਕ ਹੱਦ ਹੁੰਦੀ ਹੈ। ਜਿਵੇਂ ਕਿਸੇ ਨੁਮਾਇਸ਼, ਪੁਸਤਕ ਪ੍ਰਦਰਸ਼ਨੀ ਜਾਂ ਕਿਸੇ ਸਭਿਆਚਾਰਕ ਮੇਲੇ ਦੀ ਰਿਪੋਰਟ ਨੂੰ ਕੁਝ ਦਿਨ ਬਾਅਦ ਵੀ ਛਾਪਿਆ ਜਾ ਸਕਦਾ ਹੈ।

ਸਮਾਚਾਰਾਂ ਨੂੰ ਸੰਖੇਪ ਕਰਨਾ ਤੇ ਵਿਆਖਿਆ ਕਰਨੀ :-

1. ਸੰਖੇਪ ਕਰਨਾ :- ਸਿਰਲੇਖ, ਡੇਟਲਾਈਨ, ਲੀਡ, ਮੇਨ ਬਾਡੀ ਅਤੇ ਟੇਲ ਸਮਾਚਾਰ ਲਿਖਣ ਦੇ ਮੁੱਖ ਹਿੱਸੇ ਹੁੰਦੇ ਹਨ। ਇਕ ਕਲਾਤਮਕ ਪ੍ਰਕਿਰਿਆ ਰਾਹੀਂ ਸਮਾਚਾਰ ਲਿਖਣ ਦਾ ਅਭਿਆਸ ਹੋ ਸਕਦਾ ਹੈ। ਹਰ ਸਮਾਚਾਰ ਨੂੰ ਲਿਖਣ ਲਈ ਵੱਖੋ-ਵੱਖਰੀਆਂ ਵਿਧੀਆਂ ਦਾ ਇਸਤੇਮਾਲ ਕਰਨ ਨਾਲ ਹੀ ਇਕ ਪ੍ਰਭਾਵਸ਼ਾਲੀ ਸਮਾਚਾਰ ਤਿਆਰ ਕੀਤਾ ਜਾ ਸਕਦਾ ਹੈ। ਇਹਨਾਂ ਵਿਧੀਆਂ ਕਾਰਨ ਹੀ ਖ਼ਬਰਾਂ ਨੂੰ ਸੰਖੇਪ ਕੀਤਾ ਜਾ ਸਕਦਾ ਹੈ ਤੇ ਉਹਨਾਂ ਦੀ ਵਿਆਖਿਆ ਵੀ ਕੀਤੀ ਜਾ ਸਕਦੀ ਹੈ।

ਜੇਕਰ ਕਿਸੇ ਸਮਾਚਾਰ ਨੂੰ ਸੰਖੇਪ ਕਰਨਾ ਹੋਵੇ ਤਾਂ ਉਸ ਦੀ ਟੇਲ ਨੂੰ ਕੱਟਿਆ ਜਾ ਸਕਦਾ ਹੈ। ਕਿਉਂਕਿ ਟੇਲ ਵਿਚ ਕੋਈ ਜ਼ਰੂਰੀ ਤੱਤ ਨਹੀਂ ਹੁੰਦਾ। ਇਸ ਲਈ ਇਸ ਨੂੰ ਸਮਾਚਾਰਾਂ 'ਚੋਂ ਕੱਢ ਦੇਣ ਨਾਲ ਪਾਠਕਾਂ ਦੀ ਜਾਣਕਾਰੀ ਉੱਪਰ ਕੋਈ ਅਸਰ ਨਹੀਂ ਪੈਂਦਾ ਤੇ ਖ਼ਬਰ ਦਾ ਪ੍ਰਭਾਵ ਵੀ ਬਰਕਰਾਰ ਰਹਿੰਦਾ ਹੈ। ਕਿਸੇ ਖ਼ਬਰ 'ਚ ਵਾਰ-ਵਾਰ ਦੁਹਰਾਈ ਗਈ ਕਿਸੇ ਗੱਲ ਨੂੰ ਹਟਾਉਣ ਨਾਲ ਵੀ ਸਮਾਚਾਰ ਨੂੰ ਸੰਖੇਪ ਕਰਨ 'ਚ ਮਦਦ ਮਿਲਦੀ ਹੈ।

ਉਲਟੀ ਤਿਕੋਣ ਵਿਧੀ ਦੀ ਵਰਤੋਂ ਨਾਲ ਸਮਾਚਾਰ ਲਿਖਣ ਦੇ ਅਭਿਆਸ ਨਾਲ ਵੀ ਸਮਾਚਾਰ 'ਚ ਸੰਖੇਪਤਾ ਲਿਆਂਦੀ ਜਾ ਸਕਦੀ ਹੈ। ਇਸ ਵਿਧੀ ਰਾਹੀਂ ਸਮਾਚਾਰ ਲਿਖਣ ਨਾਲ ਵਿਸ਼ੇਸ਼ ਜਾਣਕਾਰੀ ਪਹਿਲਾਂ ਹੀ ਦੇ ਦਿੱਤੀ ਜਾਂਦੀ ਹੈ। ਇਸ ਲਈ ਆਖਰੀ ਪੈਰ੍ਹੇ ਵਿਚ ਦਿੱਤੇ ਗਏ ਗ਼ੈਰ-ਜ਼ਰੂਰੀ ਵਾਕਾਂ ਨੂੰ ਕੱਟਕੇ ਸਮਾਚਾਰ ਸੰਖੇਪ ਬਣਾਇਆ ਜਾ ਸਕਦਾ ਹੈ। ਜਜ਼ਬਾਤੀ ਵਾਕਾਂ ਨੂੰ ਸਮਾਚਾਰਾਂ 'ਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ। ਖ਼ਬਰਾਂ ਹਮੇਸ਼ਾ ਤੱਥਾਂ ਨਾਲ ਭਰਪੂਰ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਸਮਾਚਾਰਾਂ 'ਚੋਂ ਬੇਲੋੜੀ ਸਾਮੱਗ੍ਰੀ ਕੱਢ ਕੇ ਸੰਖੇਪ ਰੂਪ 'ਚ ਖ਼ਬਰਾਂ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ।

2. ਵਿਆਖਿਆ ਕਰਨੀ :- ਜਿਸ ਤਰ੍ਹਾਂ ਸਮਾਚਾਰਾਂ ਨੂੰ ਸੰਖੇਪ ਕਰਨਾ ਜ਼ਰੂਰੀ ਹੈ, ਉਸੇ ਤਰ੍ਹਾਂ ਖ਼ਬਰਾਂ ਵਿਸਤਾਰ ਦੀ ਵੀ ਮੰਗ ਕਰਦੀਆਂ ਹਨ। ਇਸ ਵਾਸਤੇ ਘਟਨਾ ਕਾਲਕ੍ਰਮ ਆਧਾਰਿਤ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਧੀ ਰਾਹੀਂ ਘਟਨਾ ਵਾਪਰਨ ਦੇ ਕ੍ਰਮ ਉੱਪਰ ਧਿਆਨ ਕੇਂਦ੍ਰਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਸਮਾਚਾਰ ਨੂੰ ਲਿਖਣ ਸਮੇਂ ਇਸ ਦਾ ਆਰੰਭ ਕਿਸੇ ਰੋਚਿਕ ਤੱਥ ਨਾਲ ਕੀਤਾ ਜਾਂਦਾ ਹੈ। ਹੌਲੀ-ਹੌਲੀ ਖ਼ਬਰ ਦੀ ਵਿਆਖਿਆ ਹੋਣ ਲੱਗਦੀ ਹੈ। ਖ਼ਬਰ ਦੇ ਅਖੀਰ 'ਚ ਮਹੱਤਵਪੂਰਨ ਤੱਤ ਲਿਖੇ ਜਾਂਦੇ ਹਨ। ਇੰਝ ਕਰਨ ਨਾਲ ਸਮਾਚਾਰ ਵਿਚ ਵਿਸਥਾਰ ਆਉਂਦਾ ਹੈ। ਸਮਾਚਾਰ ਨੂੰ ਹੋਰ ਲੰਮਾ ਕਰਨ ਲਈ ਜਜ਼ਬਾਤੀ ਵਾਕ ਲਿਖੇ ਜਾ ਸਕਦੇ ਹਨ।

ਰਸਮੀ ਪੱਤਰ ਵਿਹਾਰ :- ਰਸਮੀ ਪੱਤਰ ਵਿਹਾਰ ਰਾਹੀਂ ਚਿੱਠੀਆਂ ਆਮ ਲੋਕਾਂ ਵਲੋਂ ਸਰਕਾਰੀ ਦਫ਼ਤਰਾਂ ਨੂੰ ਸਰਕਾਰੀ ਕੰਮ ਕਾਜ ਬਾਰੇ ਲਿਖੀਆਂ ਜਾਂਦੀਆਂ ਹਨ। ਇਹ ਚਿੱਠੀਆਂ ਸਰਕਾਰੀ ਮੁਲਾਜ਼ਮਾਂ ਵਲੋਂ ਸਰਕਾਰੀ ਕੰਮ-ਕਾਜ ਬਾਰੇ ਇਕ ਦੂਜੇ ਨੂੰ ਵੀ ਲਿਖੀਆਂ ਜਾਂਦੀਆਂ ਹਨ। ਅਜਿਹੀਆਂ ਚਿੱਠੀਆਂ ਲਿਖਣ ਵਾਲੇ ਇਕ ਦੂਜੇ ਤੋਂ ਅਣਜਾਣ ਵੀ ਹੋ ਸਕਦੇ ਹਨ। ਇਹ ਸਰਕਾਰੀ ਤੌਰ 'ਤੇ ਇਕ ਰਸਮੀ ਅੰਦਾਜ਼ 'ਚ ਲਿਖੀਆਂ ਜਾਂਦੀਆਂ ਹਨ। ਇਹਨਾਂ ਵਿਚ ਕਿਸੇ ਵਾਧੂ ਜਾਂ ਜਜ਼ਬਾਤੀ ਗੱਲ ਲਈ ਕੋਈ ਥਾਂ ਨਹੀਂ ਹੁੰਦੀ। ਇਹਨਾਂ ਦਾ ਆਕਾਰ ਵੀ ਬਹੁਤ ਛੋਟਾ ਹੁੰਦਾ ਹੈ। ਇਕ ਚਿੱਠੀ ਵਿਚ ਇਕ ਗੱਲ ਹੀ ਲਿਖੀ ਜਾਂਦੀ ਹੈ, ਪਰ ਕਈ ਚਿੱਠੀਆਂ 'ਚ ਇਕ ਤੋਂ ਜ਼ਿਆਦਾ ਮੁੱਦੇ ਵੀ ਲਿਖੇ ਜਾ ਸਕਦੇ ਹਨ।

ਰਸਮੀ ਪੱਤਰ ਲਿਖਣ ਦੀ ਵਿਧੀ :- ਸਰਕਾਰੀ ਚਿੱਠੀ ਲਿਖਣ ਸਮੇਂ ਇਨ੍ਹਾਂ ਗੱਲਾਂ ਦਾ ਖ਼ਾਸ ਖ਼ਿਆਲ ਰੱਖਣਾ

ਜ਼ਰੂਰੀ ਹੈ। ਚਿੱਠੀ ਸ਼ੁਰੂ ਕਰਨ ਤੋਂ ਪਹਿਲਾਂ ਜਿਸ ਮੁਲਾਜ਼ਮ ਜਾਂ ਅਧਿਕਾਰੀ ਨੂੰ ਸੰਬੋਧਨ ਕਰਨਾ ਹੁੰਦਾ ਹੈ, ਚਿੱਠੀ ਦੇ ਉੱਪਰ ਖੱਬੇ ਪਾਸੇ ਉਸ ਦਾ ਅਹੁਦਾ ਲਿਖਿਆ ਜਾਂਦਾ ਹੈ। ਜਿਵੇਂ :-

ਇੰਜੀਨੀਅਰ ਸਾਹਿਬ

ਜਾਂ

ਮੁੱਖ ਅਧਿਆਪਕ ਸਾਹਿਬ

ਇਸ ਤੋਂ ਉਪਰੰਤ ਜਿਸ ਨੂੰ ਸੰਬੋਧਨ ਕਰਨਾ ਹੁੰਦਾ ਹੈ, ਲਈ 'ਸ੍ਰੀਮਾਨ ਜੀ' ਵਰਗੇ ਸਨਮਾਨਜਨਕ ਸ਼ਬਦ ਲਿਖੇ ਜਾਂਦੇ ਹਨ। ਚਿੱਠੀ ਦੀ ਮੁੱਖ ਗੱਲ ਸ਼ੁਰੂ ਕਰਨ ਤੋਂ ਪਹਿਲਾਂ 'ਬੇਨਤੀ ਹੈ', 'ਸਨਿਮਰ ਬੇਨਤੀ ਹੈ' ਜਾਂ 'ਸਤਿਕਾਰ ਸਹਿਤ' ਲਿਖਿਆ ਜਾਂਦਾ ਹੈ। ਚਿੱਠੀ ਦਾ ਅੰਤ 'ਤੁਹਾਡਾ ਆਗਿਆਕਾਰ', 'ਤੁਹਾਡਾ ਧੰਨਵਾਦੀ' ਜਾਂ 'ਤੁਹਾਡਾ ਦਾਸ' ਸ਼ਬਦਾਂ ਨਾਲ ਕੀਤਾ ਜਾਂਦਾ ਹੈ।

ਚਿੱਠੀ ਲਿਖਣ ਲਈ ਹੋਰ ਵੀ ਕਈ ਗੱਲਾਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਚਿੱਠੀ ਲਿਖਣਾ ਇਕ ਹੁਨਰ ਹੈ। ਕਈ ਚੰਗੇ, ਪੜ੍ਹੇ-ਲਿਖੇ ਲੋਕਾਂ ਨੂੰ ਚੰਗੀ ਚਿੱਠੀ ਲਿਖਣੀ ਨਹੀਂ ਆਉਂਦੀ। ਕਈ ਲੋਕ ਚਿੱਠੀ ਲਿਖਦੇ ਹੋਏ ਜਜਬਾਤ ਵਿਚ ਵਹਿ ਜਾਂਦੇ ਹਨ, ਪਰ ਮੁੱਖ ਗੱਲ ਨੂੰ ਸਪੱਸ਼ਟ ਕਰਨ 'ਚ ਅਸਫ਼ਲ ਰਹਿ ਜਾਂਦੇ ਹਨ। ਚਿੱਠੀ ਦੀ ਸ਼ੁਰੂਆਤ ਬਹੁਤੀ ਲੰਮੀ ਨਹੀਂ ਹੋਣੀ ਚਾਹੀਦੀ। ਸਤਿ ਸ੍ਰੀ ਅਕਾਲ ਤੋਂ ਬਾਅਦ ਤੁਰੰਤ ਅਸਲ ਗੱਲ ਸ਼ੁਰੂ ਹੋ ਜਾਣੀ ਚਾਹੀਦੀ ਹੈ। ਚਿੱਠੀ ਵਿਚ ਦੁਹਰਾਅ ਵੀ ਇਸ ਦੇ ਅਸਰ ਨੂੰ ਘੱਟ ਕਰਦਾ ਹੈ। ਹਰ ਗੱਲ ਸੋਚ ਸਮਝ ਕੇ ਹੀ ਲਿਖਣੀ ਚਾਹੀਦੀ ਹੈ। ਮੁੱਖ ਵਿਸ਼ੇ ਤੋਂ ਨਹੀਂ ਭਟਕਣਾ ਚਾਹੀਦਾ। ਵਾਰ ਵਾਰ ਸ਼ਬਦਾਂ ਦੀ ਕਾਂਟ-ਛਾਂਟ ਨਾਲ ਵੀ ਚਿੱਠੀ ਦਾ ਅਸਰ ਫਿੱਕਾ ਪੈਣ ਲੱਗਦਾ ਹੈ। ਲਿਖਾਈ ਸੁੰਦਰ ਹੋਣੀ ਚਾਹੀਦੀ ਹੈ। ਵਾਕ ਚੁਸਤ, ਸਰਲ ਤੇ ਸਾਦੇ ਹੋਣੇ ਚਾਹੀਦੇ ਹਨ। ਵਿਸ਼ਰਾਮ ਚਿੰਨ੍ਹ, ਕਾਮੇ ਤੇ ਸ਼ਬਦ-ਜੋੜ ਆਦਿ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਔਖੇ ਸ਼ਬਦਾਂ ਜਾਂ ਮੁਹਾਵਰੇਦਾਰ ਭਾਸ਼ਾ ਨਾਲ ਚਿੱਠੀ ਨੂੰ ਬੋਝਲ ਨਹੀਂ ਬਣਾਉਣਾ ਚਾਹੀਦਾ। ਚਿੱਠੀ ਦੇ ਖੱਬੇ ਪਾਸੇ ਕਾਗ਼ਜ਼ 'ਤੇ ਕੋਈ ਡੇਢ ਕੁ ਇੰਚ ਥਾਂ ਖਾਲੀ ਛੱਡਣੀ ਚਾਹੀਦੀ ਹੈ। ਹੁਣ ਅਸੀਂ ਰਸਮੀ ਪੱਤਰ ਵਿਹਾਰ ਦਾ ਅਮਲੀ ਰੂਪ 'ਚ ਅਭਿਆਸ ਕਰਾਂਗੇ, ਤਾਂ ਜੋ ਵਿਦਿਆਰਥੀ ਇਮਤਿਹਾਨ 'ਚ ਪੁੱਛੇ ਜਾਣ ਵਾਲੇ ਸੁਆਲ ਬਾਰੇ ਇਸ ਤੋਂ ਸੇਧ ਹਾਸਲ ਕਰ ਸਕਣ।

1. ਆਪਣੇ ਵਿਦਿਆਲੇ ਦੇ ਪ੍ਰਿੰਸੀਪਲ ਨੂੰ ਫ਼ੀਸ ਮੁਆਫ਼ੀ ਲਈ ਅਰਜ਼ੀ ਲਿਖੋ।

ਪ੍ਰਿੰਸੀਪਲ ਸਾਹਿਬ,

ਓ. ਅ. ਏ. ਕਾਲਜ,

ਦਿੱਲੀ

ਸ੍ਰੀਮਾਨ ਜੀ,

ਸਤਿਕਾਰ ਸਹਿਤ ਬੇਨਤੀ ਹੈ ਕਿ ਮੇਰੀ ਫ਼ੀਸ ਮੁਆਫ਼ ਕੀਤੀ ਜਾਵੇ ਅਤੇ ਕਿਤਾਬਾਂ ਖਰੀਦਣ ਲਈ ਮਾਇਕ ਸਹਾਇਤਾ ਵੀ ਦਿੱਤੀ ਜਾਏ।

ਮੈਂ ਬੀ. ਏ. ਪਹਿਲਾ ਸਾਲ ਦਾ ਵਿਦਿਆਰਥੀ ਹਾਂ। ਮੈਂ ਪਿਛਲੇ ਸਾਲ 12ਵੀਂ ਜਮਾਤ 'ਚੋਂ ਚੰਗੇ ਨੰਬਰ ਲੈ ਕੇ ਪਹਿਲੇ ਦਰਜੇ 'ਤੇ ਰਿਹਾ ਸੀ। ਮੈਨੂੰ ਆਸ ਹੈ ਕਿ ਇਸ ਸਾਲ ਵੀ ਮੈਂ ਚੰਗੇ ਅੰਕ ਲੈ ਕੇ ਕਾਲਜ ਦਾ ਸਿਰ ਮਾਣ ਨਾਲ ਉੱਚਾ ਕਰਾਂਗਾ।

ਪੜ੍ਹਾਈ ਦੇ ਨਾਲ-ਨਾਲ ਮੈਨੂੰ ਖੇਡਾਂ 'ਚ ਵੀ ਬਹੁਤ ਦਿਲਚਸਪੀ ਹੈ। ਮੈਂ ਕ੍ਰਿਕੇਟ ਦਾ ਖਿਡਾਰੀ ਹਾਂ। ਮੈਂ ਸਕੂਲ ਦੀ ਪੜ੍ਹਾਈ ਦੌਰਾਨ ਰਾਜ ਪੱਧਰ 'ਤੇ ਹੋਏ ਅੰਤਰ-ਸਕੂਲ ਮੁਕਾਬਲੇ 'ਚ ਹਿੱਸਾ ਲੈ ਕੇ ਇਨਾਮ ਜਿੱਤ ਚੁੱਕਾ ਹਾਂ।

ਮੈਂ ਇਕ ਬਹੁਤ ਹੀ ਗਰੀਬ ਪਰਿਵਾਰ ਨਾਲ ਸੰਬੰਧਤ ਹਾਂ। ਮੇਰੇ ਪਿਤਾ ਜੀ ਇਕ ਟਰੱਕ ਡਰਾਈਵਰ ਹਨ। ਉਹਨਾਂ ਦੀ ਤਨਖ਼ਾਹ ਬਹੁਤ ਥੋੜ੍ਹੀ ਹੈ। ਇਸ ਨਾਲ ਸਾਡੇ ਘਰ ਦਾ ਖਰਚਾ ਹੀ ਪੂਰਾ ਨਹੀਂ ਹੋ ਸਕਦਾ। ਘਰ ਵਿਚ ਮੈਂ ਸਭ ਤੋਂ ਵੱਡਾ ਹਾਂ। ਮੇਰੇ ਇਕ ਭੈਣ ਤੇ ਇਕ ਭਰਾ ਹੋਰ ਹਨ। ਭਾਵੇਂ ਮੇਰੇ ਪਿਤਾ ਜੀ ਮੇਰੀ ਪੜ੍ਹਾਈ ਦਾ ਖਰਚ ਦੇਣ ਤੋਂ ਅਸਮਰਥ ਹਨ, ਪਰ ਮੈਂ ਆਪਣੀ ਪੜ੍ਹਾਈ ਜਾਰੀ ਰੱਖਣੀ ਚਾਹੁੰਦਾ ਹਾਂ। ਮੈਂ ਪੜ੍ਹ ਲਿਖ ਕੇ ਕਿਸੇ ਚੰਗੀ ਨੌਕਰੀ 'ਤੇ ਲੱਗ ਕੇ ਆਪਣੇ ਛੋਟੇ ਭੈਣ-ਭਰਾ ਨੂੰ ਪੜ੍ਹਾਉਣਾ ਚਾਹੁੰਦਾ ਹਾਂ। ਪਰ ਇਹ ਕੰਮ ਆਪ ਜੀ ਦੀ ਮਦਦ ਬਿਨਾ ਸੰਭਵ ਨਹੀਂ ਹੈ।

ਸੋ ਮੇਰੀ ਬੇਨਤੀ ਹੈ ਕਿ ਮੇਰੀ ਪੂਰੀ ਫ਼ੀਸ ਮੁਆਫ਼ ਕਰਨ ਤੋਂ ਇਲਾਵਾ ਮੈਨੂੰ ਕਿਤਾਬਾਂ ਖਰੀਦਣ 'ਚ ਵੀ ਮਦਦ ਕੀਤੀ ਜਾਵੇ ਤਾਂ ਜੋ ਮੈਂ ਆਪਣੀ ਪੜ੍ਹਾਈ ਜਾਰੀ ਰੱਖ ਸਕਾਂ। ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰ

ਪਲਵਿੰਦਰ ਸਿੰਘ

ਰੋਲ ਨੰਬਰ - 21

ਬੀ. ਏ. ਪਹਿਲਾ ਸਾਲ

2. ਡਿਪਟੀ ਕਮਿਸ਼ਨਰ ਸਾਹਿਬ ਨੂੰ ਕਲਰਕ ਦੀ ਅਸਾਮੀ ਲਈ ਬਿਨੈ-ਪੱਤਰ ਲਿਖੋ।

ਡਿਪਟੀ ਕਮਿਸ਼ਨਰ ਸਾਹਿਬ,

ਜ਼ਿਲ੍ਹਾ ਨਵੀਂ ਦਿੱਲੀ,

ਦਿੱਲੀ

ਸ੍ਰੀਮਾਨ ਜੀ,

ਪਿਛਲੇ ਮੰਗਲਵਾਰ ਦੀ ਅਜੀਤ ਅਖ਼ਬਾਰ ਪੜ੍ਹ ਕੇ ਪਤਾ ਲੱਗਿਆ ਹੈ ਕਿ ਤੁਹਾਡੇ ਦਫ਼ਤਰ ਵਿਚ ਇਕ ਕਲਰਕ ਦੀ ਲੋੜ ਹੈ। ਇਸ ਅਸਾਮੀ ਲਈ ਮੈਂ ਆਪਣੀਆਂ ਸੇਵਾਵਾਂ ਪੇਸ਼ ਕਰਨਾ ਚਾਹੁੰਦਾ ਹਾਂ। ਮੇਰੀਆਂ ਯੋਗਤਾਵਾਂ ਇਸ ਪ੍ਰਕਾਰ ਹਨ :

1. **ਵਿੱਦਿਆ** : ਮੈਂ ਅਪ੍ਰੈਲ, 2006 'ਚ ਖ਼ਾਲਸਾ ਕਾਲਜ, ਦਿੱਲੀ ਤੋਂ ਬੀ. ਏ. ਪਾਸ ਕਰਨ ਉਪਰੰਤ 2008 'ਚ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਪੰਜਾਬੀ ਦੀ ਐਮ. ਏ. ਪਾਸ ਕੀਤੀ ਹੈ।

ਅੱਜ ਕੱਲ੍ਹ ਮੈਂ ਕੰਪਿਊਟਰ ਕੋਰਸ ਕਰ ਰਿਹਾ ਹਾਂ। ਮੈਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਤਿੰਨ ਭਾਸ਼ਾਵਾਂ ਪੜ੍ਹ-ਲਿਖ ਸਕਦਾ ਹਾਂ। ਮੇਰੀ ਟਾਈਪ ਕਰਨ ਦੀ ਰਫ਼ਤਾਰ 40-50 ਸ਼ਬਦ ਫ਼ੀ-ਮਿੰਟ ਹੈ।

2. **ਤਜ਼ਰਬਾ** : ਮੈਂ ਕਈ ਪ੍ਰਾਈਵੇਟ ਕੰਪਨੀਆਂ 'ਚ ਸਟੈਨੋ ਦੀ ਨੌਕਰੀ ਕਰ ਚੁੱਕਿਆ ਹਾਂ।

ਅੱਜ-ਕੱਲ੍ਹ ਮੈਂ ਮੈਟਰੋ ਵਿਚ ਆਰਜ਼ੀ ਤੌਰ 'ਤੇ ਕਲਰਕ ਦੀ ਅਸਾਮੀ ਉੱਪਰ ਕੰਮ ਕਰ ਰਿਹਾ ਹਾਂ। ਕੰਮ ਦੇ ਤਜ਼ਰਬੇ ਦੇ ਦਸਤਾਵੇਜ਼ ਇਸ ਬਿਨੈ-ਪੱਤਰ ਨਾਲ ਭੇਜ ਰਿਹਾ ਹਾਂ।

3. **ਸ਼ੌਕ** : ਮੈਨੂੰ ਖੇਡਾਂ ਖੇਡਣ ਦਾ ਬਹੁਤ ਸ਼ੌਕ ਹੈ। ਵਾਲੀਬਾਲ ਮੇਰੀ ਪਸੰਦੀਦਾ ਖੇਡ ਹੈ। ਇਸ ਖੇਡ ਵਿਚ ਮੈਂ ਰਾਜ ਪੱਧਰ ਦੇ ਮੁਕਾਬਲੇ 'ਚ ਕਈ ਇਨਾਮ ਜਿੱਤੇ ਹਨ। ਇਸ ਆਰਜ਼ੀ ਨਾਲ ਲੱਗੇ ਸਰਟੀਫਿਕੇਟਾਂ ਤੋਂ ਮੇਰੀ ਖੇਡਾਂ ਦੀ ਕਾਰਗੁਜ਼ਾਰੀ ਬਾਰੇ ਸਪੱਸ਼ਟ ਵੇਰਵਾ ਮਿਲਦਾ ਹੈ।

ਬੇਨਤੀ ਹੈ ਕਿ ਮੇਰੀ ਘਰੇਲੂ ਹਾਲਤ ਬਹੁਤ ਚੰਗੀ ਨਹੀਂ ਹੈ। ਮੈਂ ਆਪਣੇ ਘਰ ਵਿਚ ਸਾਰੇ ਭੈਣ ਭਰਾਵਾਂ ਤੋਂ ਵੱਡਾ ਹਾਂ, ਸੋ ਉਹਨਾਂ ਦੀ ਪੜ੍ਹਾਈ-ਲਿਖਾਈ ਅਤੇ ਉਹਨਾਂ ਨੂੰ ਜੀਵਨ 'ਚ ਨੌਕਰੀ ਆਦਿ ਦੀ ਜ਼ਿੰਮੇਵਾਰੀ ਵੀ ਮੇਰੇ ਸਿਰ ਉੱਪਰ ਹੈ, ਕਿਉਂਕਿ ਮੇਰੇ ਪਿਤਾ ਜੀ ਦੀ ਆਮਦਨ ਬਹੁਤ ਹੀ ਥੋੜ੍ਹੀ ਹੈ ਤੇ ਉਹ ਬੀਮਾਰ ਵੀ ਰਹਿੰਦੇ ਹਨ। ਸਾਡੇ ਖ਼ਾਨਦਾਨ 'ਚੋਂ ਬਹੁਤ ਸਾਰੇ ਲੋਕ ਸਰਕਾਰੀ ਨੌਕਰੀ ਹੀ ਕਰ ਰਹੇ ਹਨ। ਸਕੂਲ, ਕਾਲਜ ਤੋਂ ਲੈ ਕੇ ਨੌਕਰੀ ਕਰਨ ਤੱਕ ਦਾ ਮੇਰਾ ਰਿਕਾਰਡ ਬਹੁਤ ਉੱਚ ਦਰਜੇ ਦਾ ਰਿਹਾ ਹੈ। ਮੈਨੂੰ ਹਰ ਥਾਂ ਉੱਪਰ ਪ੍ਰਵਾਨ ਕੀਤਾ ਜਾਂਦਾ ਹੈ ਤੇ ਮੇਰਾ ਆਚਰਣ ਵੀ ਆਹਲਾ ਦਰਜੇ ਦਾ ਹੈ। ਮੈਨੂੰ ਆਸ ਹੈ ਕਿ ਮੇਰੀਆਂ ਉਪਰੋਕਤ ਯੋਗਤਾਵਾਂ ਦੇ ਮੱਦੇ ਨਜ਼ਰ ਆਪ ਮੈਨੂੰ ਆਪਣੇ ਦਫ਼ਤਰ 'ਚ ਕਲਰਕ ਦੀ ਅਸਾਮੀ ਉੱਪਰ ਸੇਵਾ ਕਰਨ ਦਾ ਮੌਕਾ ਜ਼ਰੂਰ ਬਖ਼ਸ਼ੋਗੇ। ਮੈਂ ਆਪ ਜੀ ਨੂੰ ਯਕੀਨ ਦੁਆਉਂਦਾ ਹਾਂ ਕਿ ਮੈਂ ਆਪਣੀ ਹਰ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਮਿਹਨਤ ਮੁਸ਼ੱਕਤ ਕਰਕੇ ਨਿਭਾਉਣ ਦੀ ਕੋਸ਼ਿਸ਼ ਕਰਾਂਗਾ। ਮੈਂ ਆਪਜੀ ਦਾ ਬਹੁਤ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰ,

ਮਹੇਸ਼ ਮਲਹੋਤਰਾ,

108, ਪੰਜਾਬੀ ਬਾਗ,

ਦਿੱਲੀ - 63

ਨੱਥੀ ਕੀਤੇ ਗਏ ਕਾਗਜ਼ :-

10 ਸਰਟੀਫਿਕੇਟ

ਮਿਤੀ : 12 ਅਪ੍ਰੈਲ, 2009

ਐਕਸਪ੍ਰੈੱਸ ਪੱਤਰ :- ਐਕਸਪ੍ਰੈੱਸ ਪੱਤਰ ਡਾਕ ਰਾਹੀਂ ਭੇਜਿਆ ਜਾਂਦਾ ਹੈ। ਇਸ ਨੂੰ ਤਾਰ ਵਾਂਗ ਹੀ ਸਮਝਿਆ ਜਾਂਦਾ ਹੈ। ਆਮ ਪੱਤਰ ਨਾਲੋਂ ਇਹ ਪੱਤਰ ਬਹੁਤ ਛੇਤੀ ਪਹੁੰਚਾਇਆ ਜਾ ਸਕਦਾ ਹੈ। ਤੇਜ਼ ਗਤੀ ਨਾਲ ਜਾਣ ਵਾਲੇ ਇਸ ਪੱਤਰ ਦਾ ਲਾਭ ਇਹ ਹੈ ਕਿ ਇਹ ਛੇਤੀ ਪਹੁੰਚਦਾ ਹੈ ਤੇ ਇਸ ਦਾ ਤਾਰ ਵਾਲਾ ਖਰਚਾ ਵੀ ਬਚ ਜਾਂਦਾ ਹੈ।

ਤਾਰ Telegram :- ਤਾਰ ਤੇਜ਼ ਰਫ਼ਤਾਰ ਸੰਚਾਰ ਦਾ ਇਕ ਮਹੱਤਵਪੂਰਨ ਸਾਧਨ ਹੈ। ਇਹ ਇਕ ਜ਼ਰੂਰੀ ਸੰਦੇਸ਼ ਹੈ ਜੋ ਟੈਲੀਫ਼ੋਨ ਦੇ ਸਾਧਨ ਰਾਹੀਂ ਭੇਜਿਆ ਜਾਂਦਾ ਹੈ। ਜ਼ਰੂਰੀ ਸੰਦੇਸ਼ ਭੇਜਣ ਵਾਸਤੇ ਤਾਰ ਦਾ ਇਸਤੇਮਾਲ ਕੀਤਾ ਜਾਂਦਾ ਹੈ, ਇਸ ਲਈ ਤਾਰ ਭੇਜਣ ਵਾਲੇ ਅਤੇ ਪਾਪਤ ਕਰਨ ਵਾਲੇ ਦਾ ਇਸ ਉੱਪਰ ਪੂਰਾ ਪਤਾ ਲਿਖਿਆ ਜਾਂਦਾ ਹੈ। ਇਸ ਲਈ ਇਕ ਗੱਲ ਜ਼ਰੂਰੀ ਹੈ ਕਿ ਇਹ ਸੰਖੇਪ ਹੁੰਦੀ ਹੈ। ਘੱਟ ਤੋਂ ਘੱਟ ਸ਼ਬਦਾਂ ਰਾਹੀਂ ਇਕ ਪ੍ਰਭਾਵਸ਼ਾਲੀ ਤੇ ਸਪੱਸ਼ਟ ਸੁਨੇਹਾ ਭੇਜਿਆ ਜਾ ਸਕਦਾ ਹੈ। ਇਸ ਦੇ ਸ਼ਬਦਾਂ ਨੂੰ ਵੱਡੇ ਅੱਖਰਾਂ ਵਿਚ ਲਿਖਿਆ ਜਾਂਦਾ ਹੈ। ਇਹ ਤਾਰ ਕੁਝ ਹੀ ਘੰਟਿਆਂ ਦੌਰਾਨ ਆਪਣੀ ਮੰਜ਼ਿਲ 'ਤੇ ਪਹੁੰਚ ਜਾਂਦੀ ਹੈ। ਟੇਲੈਕਸ ਤੇ ਫੈਕਸ ਆਦਿ ਸੰਚਾਰ ਸਾਧਨਾਂ ਦੇ ਦੌਰ ਵਿਚ ਵੀ ਇਸ ਦੀ ਅਹਿਮੀਅਤ ਬਣੀ ਹੋਈ ਹੈ। ਕਿਸੇ ਆਰਡਰ ਨੂੰ ਕੈਂਸਲ ਕਰਾਉਣ ਜਾਂ ਉਹਨਾਂ 'ਚ ਤਬਦੀਲੀ ਕਰਾਉਣ, ਬੀਮਾਰੀ ਜਾਂ ਮੌਤ ਦੀ ਸੂਚਨਾ, ਛੁੱਟੀ ਦੀ ਮਨਜ਼ੂਰੀ, ਕਿਸੇ ਦੇਰੀ ਦੀ ਸੂਚਨਾ ਆਦਿ ਲਈ ਤਾਰ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਇਕ ਪੇਡ ਚੈਨਲ ਹੋਣ ਕਰਕੇ ਇਸ ਦੇ ਸ਼ਬਦਾਂ ਦੀ ਗਿਣਤੀ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਇਸ ਦਾ ਖ਼ਰਚਾ ਵੀ ਸ਼ਬਦਾਂ ਦੀ ਗਿਣਤੀ ਅਨੁਸਾਰ ਘਟਦਾ ਵਧਦਾ ਹੈ। ਇਸ ਲਈ ਇਸਦੀ ਸ਼ਬਦਾਵਲੀ ਸੰਖੇਪ ਤੇ ਸਪੱਸ਼ਟ ਹੋਣੀ ਬਹੁਤ ਜ਼ਰੂਰੀ ਹੈ। ਫ਼ੌਜੀਆਂ ਵਲੋਂ ਆਪਣੇ ਘਰ ਵਾਲਿਆਂ ਨਾਲ ਸੰਪਰਕ ਕਰਨ ਜਾਂ ਰਾਜ਼ੀ-ਖੁਸ਼ੀ ਦੀ ਖ਼ਬਰ ਸਾਂਝੀ ਕਰਨ ਲਈ ਤਾਰ ਦਾ ਲਗਾਤਾਰ ਇਸਤੇਮਾਲ ਹੁੰਦਾ ਆ ਰਿਹਾ ਹੈ। ਜਦੋਂ ਸੰਚਾਰ ਦੇ ਤੇਜ਼ ਰਫ਼ਤਾਰ ਸਾਧਨ ਨਹੀਂ ਸਨ ਤਾਂ ਤਾਰ ਨੂੰ ਸੰਚਾਰ ਦਾ ਇਕ ਕਰਿਸ਼ਮਾ ਹੀ ਸਮਝਿਆ ਜਾਂਦਾ ਸੀ। ਕੋਈ 10-15 ਸਾਲ ਪਹਿਲਾਂ ਤਾਰ ਦੀ ਇਕ ਵਿਸ਼ੇਸ਼ ਅਹਿਮੀਅਤ ਸੀ। ਭਾਵੇਂ ਅਜੋਕੇ ਸਮੇਂ ਵਿਚ ਟੈਲੀਫ਼ੋਨ ਅਤੇ ਮੋਬਾਈਲ ਜਾਂ ਸੂਚਨਾ ਤਕਨਾਲੋਜੀ ਦੀ ਕ੍ਰਾਂਤੀ ਨਾਲ ਸੰਸਾਰ ਇਕ ਵਿਸ਼ਵੀ ਪਿੰਡ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ ਪਰ ਦੂਰ ਦਰਾਜ ਦੇ ਇਲਾਕਿਆਂ 'ਚ ਅਜੇ ਵੀ ਤਾਰ ਨੂੰ ਸੂਚਨਾ ਦਾ ਇਕ ਅਹਿਮ ਸਾਧਨ ਮੰਨਿਆ ਜਾਂਦਾ ਹੈ। ਤਾਰ ਲਿਖਣ ਦਾ ਇਕ ਵਿਸ਼ੇਸ਼ ਢਾਂਚਾ ਹੁੰਦਾ ਹੈ। ਜਿਵੇਂ

ਤਾਰ ਦਾ ਢਾਂਚਾ

ਨੂੰ

ਪ੍ਰਾਪਤ ਕਰਤਾ ਦਾ ਨਾਂ ਅਤੇ ਪਤਾ

ਸੰਦੇਸ਼

ਭੇਜਣ ਵਾਲੇ ਦਾ ਨਾਂ

ਭੇਜਣ ਵਾਲੇ ਦਾ ਪੂਰਾ ਪਤਾ

ਵਿਦਿਆਰਥੀਆਂ ਦੀ ਸਿਖਲਾਈ ਲਈ ਹੁਣ ਅਸੀਂ ਤਾਰ ਲਿਖਣ ਦਾ ਅਭਿਆਸ ਪੇਸ਼ ਕਰ ਰਹੇ ਹਾਂ।

ਪ੍ਰ. 1. ਤੁਹਾਡਾ ਨਾਂ ਮਨਜੀਤ ਹੈ। ਤੁਹਾਡਾ ਭਰਾ ਦਲਜੀਤ ਸਿੰਘ ਅਮ੍ਰਿਤਸਰ ਰਹਿੰਦਾ ਹੈ। ਤੁਹਾਡੀ ਮਾਂ ਦੀ ਹਾਲਤ ਬਹੁਤ ਖ਼ਰਾਬ ਹੈ। ਦਿੱਲੀ ਤੋਂ ਉਸ ਨੂੰ ਤਾਰ ਭੇਜ ਕੇ ਛੇਤੀ ਆਉਣ ਲਈ ਲਿਖੋ।

ਦਲਜੀਤ ਸਿੰਘ

128, ਕਟੜਾ ਬੱਘੀਆਂ

ਅੰਮ੍ਰਿਤਸਰ,

ਸੰਦੇਸ਼ : ਮਾਂ ਦੀ ਹਾਲਤ ਬਹੁਤ ਨਾਜ਼ੁਕ ਹੈ। ਛੇਤੀ ਪਹੁੰਚੋ।

ਮਨਜੀਤ ਸਿੰਘ

225, ਆਦਰਸ਼ ਨਗਰ, ਦਿੱਲੀ

ਪ੍ਰ. 2. ਤੁਹਾਡਾ ਨਾਂ ਪ੍ਰਵੀਨ ਕੁਮਾਰ ਹੈ। ਤੁਸੀਂ ਦਿੱਲੀ ਦੇ ਵਾਸੀ ਹੋ। ਤੁਹਾਨੂੰ ਨਵੀਂ ਨੌਕਰੀ ਮਿਲੀ ਹੈ। ਕੋਲਕਾਤਾ ਤੋਂ ਤੁਹਾਨੂੰ ਨੌਕਰੀ 'ਤੇ ਕੱਲ੍ਹ ਤੱਕ ਲਈ ਹਾਜ਼ਰ ਹੋਣ ਵਾਸਤੇ ਕਿਹਾ ਗਿਆ ਹੈ ਪਰ ਤੁਸੀਂ ਇੰਨੀ ਛੇਤੀ ਉਥੇ ਪਹੁੰਚਣ 'ਚ ਅਸਮਰਥ ਹੋ। ਇਕ ਤਾਰ ਲਿਖ ਕੇ ਸਾਫ਼ਟਵੇਅਰ ਕੰਪਨੀ ਦੇ ਇੰਜੀਨੀਅਰ ਨੂੰ ਆਪਣੀ ਹੋਣ ਵਾਲੀ ਦੇਰੀ ਦੀ ਅਸਮਰਥਤਾ ਬਾਰੇ ਜਾਣਕਾਰੀ ਦਿਉ।

ਇੰਜੀਨੀਅਰ ਸਾਹਿਬ,

ਸਾਫ਼ਟਵੇਅਰ ਕੰਪਨੀ,

ਕੋਲਕਾਤਾ

ਸੰਦੇਸ਼ : ਤੁਹਾਡੀ ਚਿੱਠੀ ਦੇਰ ਨਾਲ ਮਿਲਣ ਕਾਰਨ ਮੇਰਾ ਸਮੇਂ ਸਿਰ ਪੁਜਣਾ ਸੰਭਵ ਨਹੀਂ ਹੈ। ਇਸ ਲਈ ਦੋ ਦਿਨ ਬਾਅਦ ਪਹੁੰਚ ਸਕਾਂਗਾ।

ਪ੍ਰਵੀਨ ਕੁਮਾਰ,

125, ਸ਼ਾਲੀਮਾਰ ਬਾਗ,

ਦਿੱਲੀ

ਦਫ਼ਤਰੀ ਸੂਚਨਾ : ਇਸ ਦੀ ਵਰਤੋਂ ਸਰਕਾਰ ਦੇ ਮਹੱਤਵਪੂਰਨ ਮਾਮਲਿਆਂ, ਨੀਤੀਆਂ ਜਾਂ ਆਦੇਸ਼ਾਂ ਦੀ ਸੂਚਨਾ ਦੇਣ ਲਈ ਕੀਤੀ ਜਾਂਦੀ ਹੈ। ਸੂਚਨਾ ਗਸ਼ਤੀ ਪੱਤਰ, ਦਫ਼ਤਰੀ ਮੀਮੋ ਜਾਂ ਪਿੱਠ ਅੰਕਣ ਦੇ ਰੂਪ ਵਿਚ ਭੇਜੀ ਜਾ ਸਕਦੀ ਹੈ। ਇਸ ਰਾਹੀਂ ਬਹੁਤ ਸਾਰੇ ਵਿਭਾਗਾਂ ਜਾਂ ਵਿਅਕਤੀਆਂ ਨੂੰ ਸੰਬੋਧਨ ਕੀਤਾ ਜਾਂਦਾ ਹੈ। ਵਿਸ਼ੇਸ਼ ਤੌਰ 'ਤੇ ਇਹ ਸੂਚਨਾ ਉਹਨਾਂ ਵਿਭਾਗਾਂ ਜਾਂ ਅਧਿਕਾਰੀਆਂ ਨੂੰ ਭੇਜੀ ਜਾਂਦੀ ਹੈ ਜਿਨ੍ਹਾਂ ਨਾਲ ਉਸ ਦਾ ਸੰਬੰਧ ਹੋਵੇ। ਅਧਿਕਾਰੀਆਂ ਜਾਂ ਵਿਭਾਗਾਂ ਨੂੰ ਭੇਜੀ ਜਾਣ ਵਾਲੀ ਸੂਚਨਾ ਦੀ ਚਿੱਠੀ ਪ੍ਰਬੰਧਕ ਸਕੱਤਰਾਂ ਨੂੰ ਵੀ ਪਿੱਠਅੰਕਿਤ ਕੀਤੀ ਜਾਂਦੀ ਹੈ। ਨਮੂਨੇ ਵਜੋਂ ਅਸੀਂ ਇਸ ਉਦਾਹਰਨ ਨੂੰ ਦੇਖ ਸਕਦੇ ਹਾਂ।

ਰੈਗੂਲੇਸ਼ਨ ਸਰਕੂਲਰ ਨੰ. 11/2208 ਸਕੱਤਰ/ਰੈਗੂਲੇਸ਼ਨ ਭਾਗ ਦਿੱਲੀ ਦੇ ਮੀਮੋ ਨੰ. 412/285/ਆਰ. ਈ. ਜੀ. 405 ਮਿਤੀ 14/4/2008 ਰਾਹੀਂ ਜਾਰੀ ਕੀਤਾ ਗਿਆ।

ਵਿਸ਼ਾ : ਬਦਲੀ ਜਾਂ ਆਮ ਚੋਣ ਰਾਹੀਂ ਨਿਯੁਕਤ ਹੋਏ ਸਰਕਾਰੀ ਮੁਲਾਜ਼ਮ ਦੀ ਨਿਰਧਾਰਤ ਤਨਖ਼ਾਹ ਬਾਰੇ।

ਦਿੱਲੀ ਸਰਕਾਰ, ਵਿੱਤ ਵਿਭਾਗ, ਪਟਿਆਲਾ ਦਾ ਗਸ਼ਤੀ ਪੱਤਰ ਨੂੰ 2124/88-1 ਐਫ. ਪੀ. - 10/0884 ਮਿਤੀ 24-4-2006 ਦੀ ਇਕ ਕਾਪੀ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

2. ਦਿੱਲੀ ਰਾਜ ਬਿਜਲੀ ਬੋਰਡ ਨੇ ਦਿੱਲੀ ਸਰਕਾਰ ਦਾ ਉਪਰੋਕਤ ਪੱਤਰ ਇਸ ਵਿਚ ਦਿੱਤੀਆਂ ਗਈਆਂ ਸਾਰੀਆਂ ਹਿਦਾਇਤਾਂ ਅਨੁਸਾਰ ਅਪਣਾ ਲਿਆ ਹੈ।

ਦਫ਼ਤਰੀ ਸੂਚਨਾ ਵਿਚ ਇਕ ਵਿਭਾਗ/ਸੰਸਥਾ ਦੂਸਰੇ ਵਿਭਾਗ ਜਾਂ ਸੰਸਥਾ ਨਾਲ ਸੂਚਨਾ ਸਾਂਝੀ ਕਰਦੇ ਹਨ। ਜਿਵੇਂ ਕਿਸੇ ਕਾਲਜ ਦੇ ਵਿਦਿਆਰਥੀ ਦੂਜੇ ਕਾਲਜ ਵਿਚ ਹੋ ਰਹੇ ਸਭਿਆਚਾਰਕ ਮੇਲੇ ਵਿਚ ਹਿੱਸਾ ਲੈਣਾ ਚਾਹੁੰਦੇ ਹਨ ਤਾਂ ਉਹਨਾਂ ਵਲੋਂ ਆਪਣੇ ਕਾਲਜ ਦੇ ਪ੍ਰਿੰਸੀਪਲ ਤੋਂ ਆਗਿਆ ਦੇ ਰੂਪ 'ਚ ਕੀਤੀ ਗਈ ਬੇਨਤੀ ਇਕ ਸੂਚਨਾ ਦਾ ਰੂਪ ਧਾਰਨ ਕਰ ਲੈਂਦੀ ਹੈ। ਮਿਸਾਲ ਦੇ ਤੌਰ 'ਤੇ ਖ਼ਾਲਸਾ ਕਾਲਜ ਆਪਣੇ ਵਿਦਿਆਰਥੀਆਂ ਨੂੰ ਦਿਆਲ ਸਿੰਘ ਕਾਲਜ ਦੇ ਸਭਿਆਚਾਰਕ ਮੇਲੇ 'ਚ ਹਿੱਸਾ ਲੈਣ ਲਈ ਸੂਚਿਤ ਕਰਦਿਆਂ ਹੋਇਆ ਲਿਖੇਗਾ :

ਮਿਤੀ : 22/2/08

ਰੈਫ. ਨੰ. ਪੀ:2008

ਪ੍ਰਿੰਸੀਪਲ ਸਾਹਿਬ,

ਦਿਆਲ ਸਿੰਘ ਕਾਲਜ,

ਲੋਧੀ ਰੋਡ, ਦਿੱਲੀ ਯੂਨੀਵਰਸਿਟੀ,

ਨਵੀਂ ਦਿੱਲੀ - 110003

ਸ੍ਰੀਮਾਨ ਜੀ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਲਿਖੇ ਵਿਦਿਆਰਥੀ ਤੁਹਾਡੇ ਕਾਲਜ ਵਿਚ ਹੋਣ ਵਾਲੇ ਸਭਿਆਚਾਰਕ ਮੇਲੇ ਵਿਚ ਹਿੱਸਾ ਲੈ ਰਹੇ ਹਨ।

1. ਦੀਪਕ ਕੁਮਾਰ (ਬੀ.ਏ. ਫਾਈਨਲ)
2. ਅੰਜੂ ਮਿਸ਼ਰਾ (ਬੀ.ਏ. ਫਾਈਨਲ)
3. ਗੁਰਵਿੰਦਰ ਸਿੰਘ (ਬੀ.ਏ. ਫਾਈਨਲ)

ਆਪ ਜੀ ਦਾ ਦਾਸ,

(ਡਾ. ਕਸ਼ਮੀਰ ਸਿੰਘ)

ਪ੍ਰਿੰਸੀਪਲ, ਖ਼ਾਲਸਾ ਕਾਲਜ

ਫ਼ਰਜ਼ ਕਰੋ, ਦਿੱਲੀ ਸਕੂਲ ਆਫ਼ ਓਪਨ ਲਰਨਿੰਗ ਨੇ ਆਪਣੇ ਸਾਲਾਨਾ ਇਮਤਿਹਾਨ ਨਿਸ਼ਚਿਤ ਸਮੇਂ ਤੋਂ 15 ਦਿਨ ਦੀ ਦੇਰੀ 'ਤੇ ਕਰਾਉਣ ਦਾ ਫ਼ੈਸਲਾ ਕਰ ਲਿਆ ਹੈ ਤਾਂ ਉਹ ਇਸ ਬਾਰੇ ਆਪਣੇ ਵਿਦਿਆਰਥੀਆਂ ਨੂੰ ਅਗਾਊਂ ਸੂਚਨਾ ਦੇਣ ਲਈ ਇਕ ਨੋਟਿਸ ਜਾਰੀ ਕਰੇਗਾ। ਇਸ ਲਈ ਉਹ ਆਪਣੇ ਅਹਾਤੇ ਦੀ ਇਮਾਰਤ ਦੇ ਨੋਟਿਸ ਬੋਰਡ ਉੱਪਰ ਹੇਠ ਲਿਖੀ ਕਿਸਮ ਦਾ ਸੂਚਨਾ ਭਰਪੂਰ ਇਕ ਨੋਟਿਸ ਲਾਵੇਗਾ।

ਸੂਚਨਾ

ਪਿਆਰੇ ਵਿਦਿਆਰਥੀਓ,

ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਿੱਲੀ ਵਿਚ ਵਿਧਾਨ ਸਭਾ ਚੋਣਾਂ ਦੀ ਵਜਹ ਨਾਲ ਸਲਾਨਾ ਇਮਤਿਹਾਨਾਂ ਦੇ ਪ੍ਰਬੰਧਾਂ ਵਿਚ ਕੁਝ ਦੇਰੀ ਹੋ ਰਹੀ ਹੈ। ਇਸ ਕਾਰਨ 15 ਅਪ੍ਰੈਲ ਨੂੰ ਹੋਣ ਵਾਲੇ ਪੇਪਰ ਹੁਣ 15 ਦਿਨ ਦੇਰੀ ਨਾਲ ਸ਼ੁਰੂ ਹੋਣਗੇ। ਭਾਵ ਇਹ ਪੇਪਰ ਇਕ ਮਈ ਤੋਂ ਸ਼ੁਰੂ ਕਰਵਾਏ ਜਾਣਗੇ। ਸਾਰੇ ਵਿਦਿਆਰਥੀ ਇਹ ਜ਼ਰੂਰੀ ਸੂਚਨਾ ਨੋਟ ਕਰ ਲੈਣ।

ਡਾਇਰੈਕਟਰ

ਦਿੱਲੀ ਸਕੂਲ ਆਫ਼ ਓਪਨ ਲਰਨਿੰਗ

ਦਿੱਲੀ ਯੂਨੀਵਰਸਿਟੀ

ਕਿਸੇ ਕਾਲਜ ਦੇ ਦਫ਼ਤਰ ਵਲੋਂ ਛੁੱਟੀਆਂ ਦੀ ਜਾਣਕਾਰੀ ਦੇਣ ਲਈ ਵੀ ਸੂਚਨਾ ਵਾਲਾ ਨੋਟਿਸ ਜਾਰੀ ਕੀਤਾ ਜਾ ਸਕਦਾ ਹੈ। ਜਿਵੇਂ :-

ਸੂਚਨਾ

ਮਿਤੀ : 18-2-2008

ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 23 ਦਸੰਬਰ, 2008 ਤੋਂ 7 ਜਨਵਰੀ, 2009 ਤੱਕ ਸਰਦੀ ਦੀਆਂ ਛੁੱਟੀਆਂ ਕਾਰਨ ਕਾਲਜ ਬੰਦ ਰਹੇਗਾ। ਕੰਮਕਾਜ ਵਾਲੇ ਦਿਨ ਦਫ਼ਤਰ ਖੁੱਲ੍ਹਾ ਰਹੇਗਾ।

ਪ੍ਰਸ਼ਾਸਨਕ ਅਧਿਕਾਰੀ

ਦਫ਼ਤਰੀ ਆਦੇਸ਼ : - ਦਫ਼ਤਰੀ ਆਦੇਸ਼ਾਂ ਦੀ ਵਰਤੋਂ ਆਮ ਨਿਯੁਕਤੀਆਂ ਦੇ ਨੇਮ ਅਤੇ ਹੁਕਮ ਛਾਪਣ ਲਈ ਕੀਤੀ ਜਾਂਦੀ ਹੈ। ਕਿਸੇ ਸੰਸਥਾ ਵਿਚ ਜਦੋਂ ਕਿਸੇ ਮੁਲਾਜ਼ਮ ਦੀ ਤਾਇਨਾਤੀ ਹੁੰਦੀ ਹੈ ਤਾਂ ਉਸ ਨੂੰ ਦਿੱਤਾ ਗਿਆ ਨਿਯੁਕਤੀ ਪੱਤਰ ਦਫ਼ਤਰੀ ਆਦੇਸ਼ ਦਾ ਹਿੱਸਾ ਹੀ ਹੁੰਦਾ ਹੈ। ਇਸ ਨਿਯੁਕਤੀ ਪੱਤਰ ਵਿਚ ਨੌਕਰੀ ਨਾਲ ਸੰਬੰਧਤ ਜ਼ਿੰਮੇਵਾਰੀਆਂ ਅਤੇ ਸ਼ਰਤਾਂ ਦਾ ਵੇਰਵਾ ਦਿੱਤਾ ਗਿਆ ਹੁੰਦਾ ਹੈ। ਇਸ ਦੀ ਸ਼ੁਰੂਆਤ ਨਿਰਦੇਸ਼ ਅਨੁਸਾਰ ਹੁੰਦੀ ਹੈ। ਇਕ ਤਰ੍ਹਾਂ ਨਾਲ ਇਕ ਅਧਿਕਾਰੀ ਵਲੋਂ ਆਪਣੇ ਨਵੇਂ ਨਿਯੁਕਤ ਹੋਏ ਮੁਲਾਜ਼ਮ ਨੂੰ ਇਕ ਆਦੇਸ਼ ਹੁੰਦਾ ਹੈ, ਜਿਸ ਦੀ ਪਾਲਣਾ ਕਰਨ ਲਈ ਉਹ ਪਾਬੰਦ ਹੁੰਦਾ ਹੈ। ਇਸ ਵਿਚ ਕਿਸੇ ਪ੍ਰਬੰਧਕੀ ਕਮੇਟੀ ਵਲੋਂ ਲਏ ਗਏ ਫੈਸਲੇ ਦਾ ਜ਼ਿਕਰ ਵੀ ਹੋ ਸਕਦਾ ਹੈ। ਕਿਸੇ ਚੋਣ ਕਮੇਟੀ ਵਲੋਂ ਮੁਲਾਜ਼ਮ ਦੀ ਹੋਈ ਚੋਣ ਵੀ ਦਫ਼ਤਰੀ ਆਦੇਸ਼ ਰਾਹੀਂ ਨਿਯੁਕਤੀ ਪੱਤਰ ਦੇ ਰੂਪ 'ਚ ਦਿੱਤੀ ਜਾ ਸਕਦੀ ਹੈ। ਮਿਸਾਲ ਦੇ ਤੌਰ 'ਤੇ ਗੁਰੂ ਨਾਨਕ ਖ਼ਾਲਸਾ ਕਾਲਜ ਵਿਚ ਇਕ ਲੈਕਚਰਾਰ ਦੀ ਨਿਯੁਕਤੀ ਲਈ ਹੇਠ ਲਿਖਿਆ ਆਦੇਸ਼ ਜਾਰੀ ਕੀਤਾ ਜਾਏਗਾ।

ਮਿਤੀ : 23-04-2008

ਰੈਫ. ਨੰ. 332/ਪੀ/ਜੀ.ਐਨ.ਕੇ.

ਡਾ. ਗੁਰਦੇਵ ਸਿੰਘ

14-ਬੀ, ਸ਼ਾਲੀਮਾਰ ਬਾਗ,

ਨਵੀਂ ਦਿੱਲੀ

ਤੁਹਾਡੇ ਵਲੋਂ 12.12.2007 ਨੂੰ ਦਿੱਤੀ ਗਈ ਅਰਜ਼ੀ ਦੇ ਆਧਾਰ 'ਤੇ ਮੈਂ ਆਪ ਜੀ ਨੂੰ ਸੂਚਿਤ ਕਰਨਾ ਚਾਹੁੰਦਾ ਹਾਂ ਕਿ ਸੰਗਠਿਤ ਕੀਤੀ ਗਈ ਚੋਣ ਕਮੇਟੀ ਨੇ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ 'ਤੇ ਤੁਹਾਨੂੰ ਪੰਜਾਬੀ ਵਿਭਾਗ 'ਚ ਲੈਕਚਰਾਰ (ਜਨਰਲ) ਦੀ ਨਿਯੁਕਤੀ ਲਈ ਪੇਸ਼ਕਸ਼ ਕੀਤੀ ਹੈ। ਇਸ ਨੌਕਰੀ ਲਈ ਹੇਠ ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ।

1. ਤੁਹਾਡੇ ਵਲੋਂ ਨੌਕਰੀ 'ਤੇ ਹਾਜ਼ਰ ਹੋਣ ਦੇ ਦਿਨ ਤੋਂ ਇਕ ਸਾਲ ਲਈ ਇਹ ਨੌਕਰੀ ਅਜ਼ਮਾਇਸ਼ੀ ਆਧਾਰ ਉੱਪਰ ਹੋਵੇਗੀ।

2. ਤੁਹਾਨੂੰ ਸ਼ੁਰੂਆਤੀ ਤਨਖ਼ਾਹ ਸਕੇਲ ਰੁਪਏ 8000-275-13500 ਮਿਲੇਗਾ। ਤਨਖ਼ਾਹ ਤੋਂ ਇਲਾਵਾ ਤੁਹਾਨੂੰ ਸਮੇਂ ਸਮੇਂ ਸਿਰ ਦਿੱਲੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਮਹਿੰਗਾਈ ਭੱਤਾ, ਘਰ ਦਾ ਕਿਰਾਇਆ ਆਦਿ ਵੀ ਮਿਲਣਗੇ।

3. ਤੁਹਾਡੀ ਨਿਯੁਕਤੀ ਪੱਕੀ ਹੋਣ 'ਤੇ ਤੁਸੀਂ ਦਿੱਲੀ ਯੂਨੀਵਰਸਿਟੀ ਕਾਲਜ ਸੇਵਾ ਮੁਕਤੀ ਨੇਮਾਂ 1970 ਜਿਸ ਦੀ ਕਿ ਸਮੇਂ ਸਮੇਂ ਉੱਪਰ ਤਰਮੀਮ ਹੁੰਦੀ ਰਹਿੰਦੀ ਹੈ ਦੇ ਆਧਾਰ ਉੱਪਰ ਸੇਵਾ ਮੁਕਤੀ ਦੇ ਫਾਇਦਿਆਂ ਦੇ ਹੱਕਦਾਰ ਹੋ ਜਾਵੋਗੇ।

4. ਤੁਹਾਡੇ ਕੋਲੋਂ ਸਮੇਂ ਸਮੇਂ ਉੱਪਰ ਤੁਹਾਨੂੰ ਸਿੱਖਿਆ ਤੇ ਖੋਜ ਨਾਲ ਸੰਬੰਧਤ ਦਿੱਤੇ ਜਾਣ ਵਾਲੇ ਕੰਮ ਨੂੰ ਕਰਨ ਦੀ ਉਮੀਦ ਰੱਖੀ ਜਾਂਦੀ ਹੈ।

5. ਤੁਹਾਡੀ ਨੌਕਰੀ ਦੀਆਂ ਛੁੱਟੀਆਂ ਦੇ ਮਾਮਲੇ 'ਚ ਤੁਹਾਨੂੰ ਸਮੇਂ ਸਮੇਂ ਉੱਪਰ ਦਿੱਲੀ ਯੂਨੀਵਰਸਿਟੀ 'ਚ ਆਦੇਸ਼ਾਂ ਅਤੇ ਨੇਮਾਂ ਦਾ ਪਾਬੰਦ ਹੋਣਾ ਪਵੇਗਾ।

6. ਤੁਹਾਨੂੰ ਕਾਲਜ ਦੀ ਪ੍ਰਸ਼ਾਸਨਕ ਸੰਸਥਾ ਨਾਲ ਨੌਕਰੀ ਸੰਬੰਧੀ ਇਕ ਸਮਝੌਤਾ ਕਰਨਾ ਪਵੇਗਾ। ਨੌਕਰੀ ਦੇ ਸਮਝੌਤੇ ਦੀ ਇਕ ਨਕਲ ਇਸ ਨਿਯੁਕਤੀ ਪੱਤਰ ਨਾਲ ਨੱਥੀ ਕੀਤੀ ਹੋਈ ਹੈ।

7. ਨਿਯੁਕਤੀ ਤੁਹਾਡੀ ਅਰਜ਼ੀ 'ਚ ਦਿੱਤੀ ਗਈ ਤੁਹਾਡੀ ਵਿੱਦਿਅਕ ਯੋਗਤਾ ਦੀ ਪੁਸ਼ਟੀ ਉੱਪਰ ਨਿਰਭਰ ਹੋਏਗੀ।

8. ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪੰਜਾਬ ਨੈਸ਼ਨਲ ਬੈਂਕ ਵਿਚ ਇਕ ਬੱਚਤ ਖਾਤਾ ਖੁਲਵਾ ਲਉ।

9. ਮਕਾਨ ਦਾ ਕਿਰਾਇਆ ਭੱਤਾ ਲੈਣ ਲਈ ਤੁਸੀਂ ਸੈਕਸ਼ਨ ਅਧਿਕਾਰੀ ਨੂੰ ਬਿਨੈ-ਪੱਤਰ ਦਿਉ। ਕਾਲਜ ਦੀ ਨੌਕਰੀ ਸ਼ੁਰੂ ਹੋਣ ਦੇ 10 ਦਿਨਾਂ ਦੇ ਅੰਦਰ ਕਿਰਾਏ ਦੀ ਰਸੀਦ ਜਮ੍ਹਾਂ ਕਰਾਉ।

10. ਜੇਕਰ ਉਪਰੋਕਤ ਨੇਮਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਤੁਹਾਨੂੰ ਨਿਯੁਕਤੀ ਦੀ ਪੇਸ਼ਕਸ਼ ਮਨਜ਼ੂਰ ਹੈ ਤਾਂ ਕਿਰਪਾ ਕਰਕੇ ਹੇਠ ਲਿਖੇ ਅਧਿਕਾਰੀ ਕੋਲ ਨੌਕਰੀ 'ਤੇ ਹਾਜ਼ਰ ਹੋਣ ਦੀ ਰਿਪੋਰਟ ਜਮ੍ਹਾ ਕਰਾਉ।

11. ਨੌਕਰੀ 'ਤੇ ਹਾਜ਼ਰ ਹੋਣ ਸਮੇਂ ਤੁਹਾਨੂੰ WUS ਹੈਲਥ ਸੈਂਟਰ, ਦਿੱਲੀ ਯੂਨੀਵਰਸਿਟੀ ਤੋਂ ਜਾਂ ਕਿਸੇ ਹੋਰ ਸਰਕਾਰੀ ਹਸਪਤਾਲ ਤੋਂ ਇਕ ਮੈਡੀਕਲ ਫਿਟਨੇਸ ਸਰਟੀਫਿਕੇਟ ਦੇਣਾ ਹੋਵੇਗਾ।

ਡਾ. ਜੁਗਿੰਦਰ ਸਿੰਘ

ਪ੍ਰਿੰਸੀਪਲ

ਹੇਠ ਲਿਖਿਆਂ ਨੂੰ ਇਸ ਦੀ ਨਕਲ ਭੇਜੀ ਜਾ ਰਹੀ ਹੈ :-

ਐਸ. ਓ. ਪ੍ਰਸ਼ਾਸਨਕ

ਐਸ. ਓ. ਅਕਾਊਂਟਸ

ਨਿੱਜੀ ਫਾਈਲ

ਪ੍ਰੈੱਸ ਨੋਟ :- ਪ੍ਰੈੱਸ ਨੋਟ ਬਹੁਤਾ ਰਸਮੀ ਨਹੀਂ ਹੁੰਦਾ। ਮਹੱਤਵਪੂਰਨ ਮੁੱਦਿਆਂ ਉੱਪਰ ਰੌਸ਼ਨੀ ਪਾਉਣ ਲਈ ਸਰਕਾਰ ਵਲੋਂ ਇਸ ਨੂੰ ਜਾਰੀ ਕੀਤਾ ਜਾਂਦਾ ਹੈ। ਆਕਾਰ ਪੱਖੋਂ ਇਸ ਵਿਚ ਮੁੱਖ ਸਿਰਲੇਖ ਤੇ ਉੱਪ-ਸਿਰਲੇਖ ਬਣਾਏ ਜਾਂਦੇ ਹਨ। ਪੂਰੀ ਜਾਣਕਾਰੀ ਦੇਣ ਲਈ ਵਿਭਾਗ ਦੇ ਨਾਂ ਅਤੇ ਸਥਾਨ ਦਾ ਵੀ ਜ਼ਿਕਰ ਕੀਤਾ ਜਾਂਦਾ ਹੈ। ਪ੍ਰੈੱਸ ਨੋਟ ਰਾਹੀਂ ਸਰਕਾਰੀ ਦਫ਼ਤਰਾਂ ਵਲੋਂ ਕਈ ਤਰ੍ਹਾਂ ਦੀ ਜਾਣਕਾਰੀ ਲੋਕਾਂ ਨੂੰ ਉਪਲਬਧ ਕਰਵਾਈ ਜਾਂਦੀ ਹੈ। ਜਿਵੇਂ ਅਸੀਂ ਹੇਠ ਲਿਖੇ ਉੱਤਰ ਰੇਲਵੇ ਦੇ ਇਕ ਪ੍ਰੈੱਸ ਨੋਟ ਉੱਪਰ ਝਾਤ ਪਾ ਸਕਦੇ ਹਾਂ।

ਉੱਤਰ ਰੇਲਵੇ

ਰੁਜ਼ਗਾਰ ਸੂਚਨਾ

ਮੰਡਲ ਖੇਡਕੁੱਦ ਸੰਗਠਨ, ਦਿੱਲੀ ਕੈਂਟ

ਰੁਜ਼ਗਾਰ ਸੂਚਨਾ ਸੰਖਿਆ : 124ਈ/ਦਿੱਲੀ/ਖੇਡ/ਭਰਤੀ 2009-10

ਉੱਤਰ ਰੇਲਵੇ, ਦਿੱਲੀ ਕੈਂਟ ਵਲੋਂ ਖੇਡਕੁੱਦ ਕੋਟਾ ਸਾਲ 2009-10 ਲਈ ਪੇ-ਬੈਂਡ 1 ਰੁਪਏ 5200-20200 ਗਰੇਡ ਪੇ ਰੁਪਏ 1800 'ਚ ਭਰਤੀ ਕਰਨ ਲਈ ਅਰਜ਼ੀਆ ਮੰਗੀਆਂ ਜਾਂਦੀਆਂ ਹਨ। ਜਿਸ ਦਾ ਬਿਉਰਾ ਹੇਠਾਂ ਲਿਖਿਆ ਹੈ :-

ਲੜੀ ਨੰ.	ਖੇਡ	ਖਾਲੀ ਥਾਵਾਂ ਦਾ ਵੇਰਵਾ	ਟਿੱਪਣੀ
1.	ਬਾਕਸਿੰਗ (ਲਾਈਟ ਵੇਲਟਰ) (61-64 ਕਿਲੋਗ੍ਰਾਮ)	3	ਸਿਰਫ਼ ਮਰਦ
2.	ਹਾਕੀ (ਫੁੱਲ ਬੈਕ)	2	ਸਿਰਫ਼ ਔਰਤਾਂ

ਯੋਗਤਾ ਵੇਰਵਾ :-

1. ਨਾਗਰਿਕਤਾ :- ਸਿਰਫ਼ ਭਾਰਤੀ ਨਾਗਰਿਕ ਹੀ ਅਰਜ਼ੀ ਦੇ ਸਕਦੇ ਹਨ।
2. ਵਿੱਦਿਅਕ ਯੋਗਤਾ : ਕਿਸੇ ਵੀ ਮਾਨਤਾ ਪ੍ਰਾਪਤ ਬੋਰਡ/ਸਕੂਲ ਤੋਂ ਮਿਤੀ 1.1.2009 ਨੂੰ ਦਸਵੀਂ ਜਮਾਤ ਪਾਸ ਹੋਵੇ। ਘੱਟ ਤੋਂ ਘੱਟ ਵਿਦਿਅਕ ਯੋਗਤਾ 'ਚ ਕਿਸੇ ਵੀ ਪ੍ਰਕਾਰ ਦੀ ਛੋਟ ਨਹੀਂ ਦਿੱਤੀ ਜਾਏਗੀ।
3. ਉਮਰ :- ਅਰਜ਼ੀਕਰਤਾ ਦੀ ਉਮਰ 1.1.2009 ਤੱਕ ਘੱਟ ਤੋਂ ਘੱਟ 18 ਸਾਲ ਤੇ ਵੱਧ ਤੋਂ ਵੱਧ 25 ਸਾਲ ਹੋਣੀ ਚਾਹੀਦੀ ਹੈ। ਉਮਰ ਵਿਚ ਵੀ ਕਿਸੇ ਤਰ੍ਹਾਂ ਦੀ ਕੋਈ ਛੋਟ ਨਹੀਂ ਦਿੱਤੀ ਜਾਵੇਗੀ।

4. ਖੇਡ ਕੁੱਦ ਉਪਲਬਧੀਆਂ :- ਅਰਜ਼ੀਕਰਤਾ ਦੀਆਂ ਖੇਡਕੁੱਦ ਉਪਲਬਧੀਆਂ ਹੇਠ ਲਿਖੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ :-

ੳ) ਜੂਨੀਅਰ ਅਤੇ ਸੀਨੀਅਰ ਨੈਸ਼ਨਲ ਚੈਪੀਅਨਸ਼ਿਪ 'ਚ ਰਾਜ ਜਾਂ ਇਸ ਦੇ ਬਰਾਬਰ ਦੀ ਪ੍ਰਤੀਨਿਧਤਾ ਕੀਤੀ ਹੋਣੀ ਚਾਹੀਦੀ ਹੈ। ਮੈਰਾਥਨ ਅਤੇ ਕ੍ਰਾਸ ਕੰਟਰੀ ਇਸ ਵਿਚ ਸ਼ਾਮਲ ਨਹੀਂ ਹਨ।

ਅ) ਜੂਨੀਅਰ/ਸੀਨੀਅਰ ਰਾਜ ਪੱਧਰੀ ਚੈਪਨੀਅਸ਼ਿਪ 'ਚ ਜ਼ਿਲ੍ਹਾ ਜਾਂ ਇਸ ਦੇ ਬਰਾਬਰ ਦੀ ਪ੍ਰਤੀਨਿਧਤਾ ਕੀਤੀ ਹੋਣੀ ਚਾਹੀਦੀ ਹੈ। ਇਸ ਵਿਚ ਘੱਟੋ-ਘੱਟ ਤੀਸਰਾ ਸਥਾਨ ਪ੍ਰਾਪਤ ਕੀਤਾ ਹੋਵੇ।

ਨੋਟ : ਕ) ਉਪਰੋਕਤ ਸਾਰੀਆਂ ਚੈਪੀਅਨਸ਼ਿਪਸ ਦਾ ਆਯੋਜਨ ਕਿਸੇ ਵੀ ਮਾਨਤਾ ਪ੍ਰਾਪਤ ਫੈਡਰੇਸ਼ਨ ਵਲੋਂ ਕੀਤਾ ਗਿਆ ਹੋਵੇ ਅਤੇ ਰੇਲਵੇ ਸਪੋਰਟਸ ਪ੍ਰਮੋਸ਼ਨ ਬੋਰਡ ਵਲੋਂ ਮਾਨਤਾ ਪ੍ਰਾਪਤ ਹੋਵੇ।

ਖ) ਰਾਸ਼ਟਰੀ ਖੇਡ, ਪੇਂਡੂ ਖੇਡ ਅਤੇ ਤਿਉਹਾਰਾਂ 'ਤੇ ਆਯੋਜਿਤ ਖੇਡ ਅਤੇ ਹੋਰ ਬਰਾਬਰ ਦੇ ਖੇਡ ਆਯੋਜਨ ਆਦਿ 'ਚ ਉਪਲਬਧੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

5. ਮੌਜੂਦਾ ਖੇਡ ਉਪਲਬਧੀਆਂ :- ਖੇਡ ਕੁੱਦ ਉਪਲਬਧੀਆਂ ਸਿਰਫ਼ ਚਾਲੂ ਸਾਲ ਅਤੇ ਪਿਛਲੇ ਦੋ ਵਿੱਤੀ ਸਾਲ 2007-08 ਅਤੇ 2006-07 ਦੌਰਾਨ ਜਮ੍ਹਾਂ ਕੀਤੀ ਗਈ ਖੇਡ ਕੁੱਦ ਉਪਲਬਧੀਆਂ 'ਤੇ ਹੀ ਵਿਚਾਰ ਕੀਤਾ ਜਾਵੇਗਾ। ਖੇਡ ਕੁੱਦ ਕੋਟੇ 'ਚ ਨਿਯੁਕਤੀ ਲਈ ਸਿਰਫ਼ 1.4.2006 ਤੋਂ ਬਾਅਦ ਪ੍ਰਾਪਤ ਕੀਤੀਆਂ ਗਈਆਂ ਉਪਲਬਧੀਆਂ 'ਤੇ ਹੀ ਵਿਚਾਰ ਕੀਤਾ ਜਾਵੇਗਾ। ਇਸ ਉਦੇਸ਼ ਲਈ ਚੈਪੀਅਨਸ਼ਿਪ ਦੇ ਆਖਰੀ ਦਿਨ ਪ੍ਰਾਪਤ ਕੀਤੀਆਂ ਗਈਆਂ ਉਪਲਬਧੀਆਂ 'ਤੇ ਹੀ ਵਿਚਾਰ ਕੀਤਾ ਜਾਏਗਾ। ਖੇਡ ਕੁੱਦ ਕੋਟੇ ਲਈ ਭਰਤੀ ਹੋਣ ਵਾਲਾ ਖਿਡਾਰੀ ਚੁਸਤ/ਦਰੁਸਤ ਹੋਣਾ ਚਾਹੀਦਾ ਹੈ।

6. ਖੁਦ ਵਲੋਂ ਪ੍ਰਮਾਣਿਤ (ਅਟੈਸਟੇਡ) ਪ੍ਰਮਾਣ ਪੱਤਰ :- ਖੇਡਕੁੱਦ ਉਪਲਬਧੀਆਂ ਪ੍ਰਮਾਣ ਪੱਤਰ, ਵਿੱਦਿਅਕ ਯੋਗਤਾ ਪ੍ਰਮਾਣ ਪੱਤਰ, ਜਨਮ ਮਿਤੀ ਪ੍ਰਮਾਣ ਪੱਤਰ ਅਤੇ ਹੋਰ ਪ੍ਰਮਾਣ ਪੱਤਰ ਦੀ ਸਿਰਫ਼ ਖੁਦ ਵਲੋਂ ਪ੍ਰਮਾਣਿਤ ਕਾਪੀ ਹੀ ਅਰਜ਼ੀ ਦੇ ਨਾਲ ਨੱਥੀ ਕਰਨ। ਮੂਲ ਪ੍ਰਮਾਣ ਪੱਤਰ ਇੰਟਰਵਿਊ ਦੇ ਸਮੇਂ ਦੇਣ ਹੋਣਗੇ।

7. ਇਸ ਭਰਤੀ ਦੇ ਲਈ ਟਰਾਇਲ ਮੌਖਿਕ ਪ੍ਰੀਖਿਆ ਲਈ ਮੌਜੂਦ ਹੋਣ ਦੇ ਲਈ ਕਿਸੇ ਵੀ ਪ੍ਰਕਾਰ ਦਾ ਯਾਤਰਾ-ਭੱਤਾ/ਮਹਿੰਗਾਈ ਭੱਤਾ ਨਹੀਂ ਦਿੱਤਾ ਜਾਵੇਗਾ।

8. ਚੋਣ-ਪ੍ਰਕਿਰਿਆ :- ਯੋਗ ਉਮੀਦਵਾਰਾਂ ਦੀ ਚੋਣ ਪ੍ਰਕਿਰਿਆ ਇਸ ਪ੍ਰਕਾਰ ਹੋਵੇਗੀ।

ੳ) ਖੇਡ ਉਪਲਬਧੀਆਂ ਦੀ ਅਜਮਾਇਸ਼।

ਅ) ਮੌਖਿਕ ਪ੍ਰੀਖਿਆ, ਖੇਡ ਉਪਲਬਧੀਆਂ ਦਾ ਅੰਕਲਣ, ਵਿੱਦਿਅਕ ਯੋਗਤਾ ਅਤੇ ਖੇਡਕੁੱਦ।

ਏ) ਜਨਮ ਮਿਤੀ, ਵਿੱਦਿਅਕ ਯੋਗਤਾ ਅਤੇ ਖੇਡਕੁੱਦ ਉਪਲਬਧੀਆਂ ਦੇ ਪ੍ਰਮਾਣ ਪੱਤਰਾਂ ਦਾ ਟ੍ਰਾਇਲ ਅਤੇ ਮੌਖਿਕ ਪ੍ਰੀਖਿਆ ਦੇ ਸਮੇਂ 'ਤੇ ਜਾਂਚ ਕੀਤੀ ਜਾਵੇਗੀ। ਮੂਲ ਪ੍ਰਮਾਣ ਪੱਤਰਾਂ ਦੀ ਅਣਹੋਂਦ 'ਚ ਅਰਜ਼ੀਕਰਤਾ ਨੂੰ ਚੋਣ 'ਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।

ਨੋਟ : ਕ) ਇਕ ਤੋਂ ਜ਼ਿਆਦਾ ਖਿਡਾਰੀਆਂ ਦੇ ਇਕੋ ਜਿਹੇ ਅੰਕ ਆਉਂਦੇ ਹਨ ਤਾਂ ਮੈਰਿਟ ਦਾ ਨਿਰਧਾਰਨ ਕਰਨ ਦੇ ਲਈ ਸਭ ਤੋਂ ਘੱਟ ਉਮਰ ਦੇ ਖਿਡਾਰੀ ਨੂੰ ਮਹੱਤਵ ਦਿੱਤਾ ਜਾਵੇਗਾ।

ਖ) ਚੋਣ ਸਮਿਤੀ ਸਿਰਫ਼ ਉਨ੍ਹਾਂ ਖਿਡਾਰੀਆਂ ਦੀ ਚੋਣ ਦੀ ਸਿਫ਼ਾਰਸ਼ ਕਰੇਗੀ, ਜਦੋਂ ਉਹ ਪੂਰਨ ਰੂਪ ਨਾਲ ਸੰਤੁਸ਼ਟ ਹੋਣਗੇ ਕਿ ਇਹ ਖਿਡਾਰੀ ਰੇਲਵੇ ਲਈ ਹਿਤਕਾਰੀ ਹੋਏਗਾ।

9. ਪ੍ਰੀਖਿਆ ਫੀਸ :- ਸਾਰੇ ਅਰਜ਼ੀ ਪੱਤਰਾਂ ਦੇ ਨਾਲ 40 ਰੁਪਏ ਦਾ ਰੇਖਾਂਕਿਤ ਕੀਤਾ ਹੋਇਆ ਭਾਰਤੀ ਪੋਸਟਲ ਆਰਡਰ/ਡੀਮਾਂਡ ਡ੍ਰਾਫਟ ਅਤੇ 10 ਰੁਪਏ (ਅਨੁਸੂਚਿਤ ਜਾਤੀ/ਅਨੁਸੂਚਿਤ ਜਨ ਜਾਤੀ) ਨੱਥੀ ਕਰਨ, ਜੋ ਕਿ ਦਿੱਲੀ ਕੈਂਟ 'ਤੇ ਦੇਣ ਯੋਗ ਹੋਵੇ। ਪ੍ਰੀਖਿਆ ਫੀਸ ਕਿਸੇ ਵੀ ਸਥਿਤੀ 'ਚ ਵਾਪਸੀ ਨਹੀਂ ਕੀਤੀ ਜਾਏਗੀ। ਭਾਰਤੀ ਪੋਸਟਲ ਆਰਡਰ/ਡੀਮਾਂਡ ਡ੍ਰਾਫਟ ਮੰਡਲ ਖੇਡਕੁੱਦ ਸੰਗਠਨ, ਦਿੱਲੀ ਕੈਂਟ ਦੇ ਨਾਂ ਹੋਣਾ ਚਾਹੀਦਾ ਹੈ।

10. ਅਰਜ਼ੀ ਦੇਣ ਦਾ ਤਰੀਕਾ :- ਜੋ ਅਰਜ਼ੀਕਰਤਾ ਅਰਜ਼ੀ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ, ਜਿਵੇਂ, ਉਮਰ,

ਵਿੱਦਿਅਕ ਯੋਗਤਾ ਅਤੇ ਹੋਰ ਭਰਤੀ ਦੀਆਂ ਸ਼ਰਤਾਂ, ਉਹ ਅਨੁਬੰਧ (ਕ) ਦੇ ਅਨੁਸਾਰ ਨਿਰਧਾਰਤ ਫਾਰਮ 'ਤੇ ਸਾਦੇ ਕਾਗ਼ਜ਼ 'ਤੇ (ਏ-4 ਸਾਈਜ਼) 'ਤੇ ਦੋ ਪਾਸਪੋਰਟ ਸਾਈਜ਼ ਫੋਟੋ ਦੇ ਨਾਲ ਜੋ ਕਿ ਉਸ ਵਲੋਂ ਆਪ ਹੀ ਪ੍ਰਮਾਣਿਤ ਹੋਵੇ, ਅਰਜ਼ੀ ਦੇਣ। ਅਰਜ਼ੀ ਪੱਤਰ ਦੇ ਨਾਲ ਖ਼ੁਦ ਦਾ ਪਤਾ ਲਿਖਿਆ ਪੰਜੀਕ੍ਰਿਤ ਲਿਫ਼ਾਫਾ ਨੱਥੀ ਕਰਨ। ਅਰਜ਼ੀ ਪੱਤਰ ਅਰਜ਼ੀਕਰਤਾ ਵਲੋਂ ਭਰਿਆ ਹੋਣਾ ਚਾਹੀਦਾ ਹੈ। ਅਰਜ਼ੀ ਪੱਤਰ, ਸਿਰਫ਼ ਪੰਜੀਕ੍ਰਿਤ ਡਾਕ ਰਾਹੀ ਨਿਮਨ ਲਿਖਤ ਪਤੇ 'ਤੇ ਭੇਜਿਆ ਜਾਵੇ। ਵੀਰਮੰਡਲ ਕਾਰਮਿਕ ਅਧਿਕਾਰੀ, ਮੰਡਲ ਖੇਡਕੁੱਦ ਸੰਗਠਨ, ਮੰਡਲ ਰੇਲ ਪ੍ਰਬੰਧਕ ਦਫ਼ਤਰ, ਕਾਰਮਿਕ ਸ਼ਾਖ਼ਾ, ਦਿੱਲੀ ਕੈਂਟ, ਦਿੱਲੀ - 110001. ਅਰਜ਼ੀਕਰਤਾ ਆਪਣੀਆਂ ਅਰਜ਼ੀਆਂ, ਸਾਰੇ ਕੰਮ ਕਾਜ ਵਾਲੇ ਦਿਨਾਂ 'ਤੇ ਮੰਡਲ ਦਫ਼ਤਰ ਕਾਰਮਿਕ ਸ਼ਾਖ਼ਾ, ਅੰਬਾਲਾ ਛਾਉਣੀ 'ਚ ਮੌਜੂਦ ਬਕਸੇ 'ਚ ਵੀ ਪਾ ਸਕਦੇ ਹਨ।

11. ਅਰਜ਼ੀ ਦੀ ਆਖਰੀ ਮਿਤੀ :- ਅਰਜ਼ੀ ਦੀ ਆਖ਼ਰੀ ਮਿਤੀ 31-01-2009 ਸ਼ਾਮ ਦੇ 6:00 ਵਜੇ ਤੱਕ ਹੈ। ਆਖਰੀ ਮਿਤੀ ਤੋਂ ਬਾਅਦ ਕਿਸੇ ਵੀ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

12. ਅਰਜ਼ੀ ਫ਼ਾਰਮ ਜਿਸ ਲਿਫ਼ਾਫੇ 'ਚ ਭੇਜਿਆ ਗਿਆ ਹੈ, ਉਸ 'ਤੇ ਮੋਟੇ ਅੱਖਰਾਂ 'ਚ ਇਹ ਲਿਖਿਆ ਹੋਣਾ ਚਾਹੀਦਾ ਹੈ - ਰੁਜ਼ਗਾਰ ਸੂਚਨਾ ਨੰਬਰ 124 ਈ/ਦਿੱਲੀ/ਖੇਡ/ਭਰਤੀ/2009-10 ਅਤੇ ਬ੍ਰੈਕਟ 'ਚ ਜਿਸ ਖੇਡ ਲਈ ਅਰਜ਼ੀ ਦਿੱਤੀ ਹੋਏ ਉਸ ਦਾ ਨਾਂ ਲਿਖੋ।

13. ਸਿਰਫ਼ ਹਰ ਪ੍ਰਕਾਰ ਤੋਂ ਸ਼ਰਤਾਂ ਨੂੰ ਪੂਰੀਆਂ ਕਰਨ ਵਾਲੀਆਂ ਅਰਜ਼ੀਆਂ 'ਤੇ ਹੀ ਵਿਚਾਰ ਕੀਤਾ ਜਾਏਗਾ।

2. ਕਿਸੇ ਸਾਹਿਤ ਸੰਸਥਾ ਵਲੋਂ ਆਪਣੇ ਹੋਣ ਵਾਲੇ ਪ੍ਰੋਗਰਾਮ ਬਾਰੇ ਵੀ ਪ੍ਰੈੱਸ ਨੋਟ ਦਿੱਤਾ ਜਾ ਸਕਦਾ ਹੈ। ਜਿਵੇਂ :-

ਸਾਹਿਤਕ ਸਮਾਗਮ ਕੱਲ੍ਹ

ਨਵੀਂ ਦਿੱਲੀ : 27 ਦਸੰਬਰ -

ਕੇਂਦਰੀ ਪੰਜਾਬੀ ਸਾਹਿਤ ਸੰਮੇਲਨ ਦਿੱਲੀ ਵਲੋਂ 28 ਦਸੰਬਰ (ਐਤਵਾਰ) ਸ਼ਾਮੀਂ ਚਾਰ ਵਜੇ ਸੁੱਖੇ **ਖ਼ਾਲਸਾ** ਸੀਨੀਅਰ **ਸੈਕੰਡਰੀ** ਸਕੂਲ (ਜੇਲ੍ਹ ਰੋਡ) ਤਿਲਕ ਨਗਰ, ਨਵੀਂ ਦਿੱਲੀ - 18 ਵਿਖੇ ਸਾਹਿਤਕ ਸਮਾਗਮ ਦਾ ਪ੍ਰਬੰਧ **ਕੀਤਾ** ਜਾ ਰਿਹਾ ਹੈ। ਸੰਸਥਾ ਦੇ ਪ੍ਰਧਾਨ ਡਾ. ਮਨਜੀਤ ਨੇ ਦੱਸਿਆ ਕਿ ਪ੍ਰੋਗਰਾਮ ਵਿਚ ਦਿੱਲੀ ਯੂਨੀਵਰਸਿਟੀ ਦੇ **ਵਾਈਸ** ਚਾਂਸਲਰ ਦੀਪਕ ਪੋਟਲ ਮੁੱਖ ਮਹਿਮਾਨ ਹੋਣਗੇ। ਇਸ ਪ੍ਰੋਗਰਾਮ 'ਚ ਬਹੁਤ ਸਾਰੇ ਨਾਮਵਰ ਲੇਖਕ ਆਪਣੀਆਂ ਰਚਨਾਵਾਂ ਸੁਣਾਉਣਗੇ। ਮਗਰੋਂ ਇਹਨਾਂ ਰਚਨਾਵਾਂ ਉੱਪਰ ਚਰਚਾ ਹੋਵੇਗੀ। ਇਸ ਪ੍ਰੋਗਰਾਮ 'ਚ ਡਾ. ਸਵਰਨ ਸਿੰਘ ਸ਼ਾਨ ਦੀ **ਨਵੀਂ** ਕਾਵਿ ਪੁਸਤਕ 'ਤੇਰੇ ਨਾਂਅ' ਦਾ ਵਿਧੀਵਤ ਪ੍ਰਕਾਸ਼ਮਾਨ ਕੀਤਾ ਜਾਏਗਾ।

ਪ੍ਰਸ਼ਨ ਪੱਤਰ

1. ਰਿਪੋਰਟ ਤੋਂ ਕੀ ਭਾਵ ਹੈ ? ਕਿਸੇ ਵੀ ਮਾਮਲੇ ਬਾਰੇ ਇਕ ਰਿਪੋਰਟ ਤਿਆਰ ਕਰੋ।
2. ਸਮਾਚਾਰ ਲਿਖਣ ਦੀਆਂ ਵਿਧੀਆਂ ਬਾਰੇ ਤੁਸੀਂ ਕੀ ਜਾਣਦੇ ਹੋ ? ਵਿਸਥਾਰ ਨਾਲ ਚਰਚਾ ਕਰੋ।
3. ਦਫ਼ਤਰੀ ਆਦੇਸ਼ ਕੀ ਹੁੰਦਾ ਹੈ ? ਉਦਾਹਰਨ ਦੇ ਕੇ ਸਮਝਾਉ।

3. ਨਾਂਵ ਤੇ ਉਸ ਦੀਆਂ ਕਿਸਮਾਂ, ਲਿੰਗ, ਵਚਨ, ਕਾਰਕ

ਕਿਸੇ ਪੁਰਖ, ਵਸਤੂ ਜਾਂ ਸਥਾਨ ਲਈ ਵਰਤੇ ਜਾਣ ਵਾਲੇ ਸ਼ਬਦ ਨੂੰ ਨਾਂਵ ਕਿਹਾ ਜਾਂਦਾ ਹੈ। ਜਿਵੇਂ : ਮੋਹਨ ਲਾਲ, ਅੰਮ੍ਰਿਤਸਰ, ਸੱਚ, ਸਰਦੀ ਆਦਿ। ਪਿਆਰੇ ਵਿਦਿਆਰਥੀਓ, ਨਾਂਵ ਦੀ ਪਰਿਭਾਸ਼ਾ ਜਾਣਨ ਮਗਰੋਂ ਅਸੀਂ ਉਸ ਦੀਆਂ ਕਿਸਮਾਂ ਦਾ ਲੇਖਾ-ਜੋਖਾ ਕਰਨ ਦਾ ਜਤਨ ਕਰਾਂਗੇ। ਨਾਂਵ ਦੀਆਂ ਪੰਜ ਕਿਸਮਾਂ ਹੁੰਦੀਆਂ ਹਨ। ਇਹ ਹੇਠ ਲਿਖੇ ਅਨੁਸਾਰ ਹਨ :-

1. ਖ਼ਾਸ ਨਾਂਵ :-

ਕਿਸੇ ਖ਼ਾਸ ਮਨੁੱਖ, ਵਸਤੂ ਜਾਂ ਸਥਾਨ ਨੂੰ ਦਰਸਾਉਣ ਲਈ ਵਰਤੇ ਜਾਣ ਵਾਲੇ ਸ਼ਬਦ ਨੂੰ ਖ਼ਾਸ ਨਾਂਵ ਕਿਹਾ ਜਾਂਦਾ ਹੈ। ਔਰਤ ਜਾਂ ਮਰਦ ਦਾ ਨਾਂ ਉਸ ਦੇ ਪੈਦਾ ਹੋਣ ਸਮੇਂ ਹੀ ਰੱਖਿਆ ਜਾਂਦਾ ਹੈ, ਜੋ ਉਸ ਦੀ ਪਛਾਣ ਬਣ ਜਾਂਦਾ ਹੈ। ਸੋ ਹਰ ਵਸਤੂ ਜਾਂ ਸਥਾਨ ਦੀ ਸ਼ਨਾਖ਼ਤ ਲਈ, ਉਹਨਾਂ ਦਾ ਨਾਂ ਰੱਖਣਾ ਲਾਜ਼ਮੀ ਹੈ। ਜਿਵੇਂ ਗੁਰਮੁਖ ਸਿੰਘ, ਮਿਠਾਸ ਆਦਿ।

2. ਆਮ ਨਾਂਵ ਜਾਂ ਜਾਤੀ-ਵਾਚਕ ਨਾਂਵ :-

ਕਿਸੇ ਜਾਤੀ, ਸ਼੍ਰੇਣੀ ਜਾਂ ਜਿਨਸ ਦੇ ਸਮੁੱਚੇ ਨਾਂ ਨੂੰ ਆਮ ਨਾਂਵ ਕਿਹਾ ਜਾਂਦਾ ਹੈ। ਇਕੋ ਤਰ੍ਹਾਂ ਦੀਆਂ ਗਿਣਨ-ਯੋਗ ਚੀਜ਼ਾਂ ਦੇ ਨਾਂ ਨੂੰ ਆਮ ਨਾਂਵ ਜਾਂ ਜਾਤੀ-ਵਾਚਕ ਨਾਂਵ ਕਿਹਾ ਜਾਂਦਾ ਹੈ। ਜਿਵੇਂ ਪਲੰਘ, ਅਲਮਾਰੀ, ਮੁੰਡਾ, ਕੁੜੀ, ਮੱਝ, ਦਰਿਆ, ਪਹਾੜ, ਸ਼ਹਿਰ, ਟਰੈਕਟਰ ਆਦਿ।

3. ਵਸਤੂ-ਵਾਚਕ ਜਾਂ ਪਦਾਰਥ-ਵਾਚਕ ਨਾਂਵ :-

ਜਿਹੜੀਆਂ ਚੀਜ਼ਾਂ ਨੂੰ ਗਿਣਿਆ ਜਾਂ ਮਿਣਿਆ ਜਾ ਸਕੇ, ਵਸਤੂ-ਵਾਚਕ ਨਾਂਵ ਅਖਵਾਉਂਦੀਆਂ ਹਨ। ਜਿਵੇਂ ਪਾਣੀ, ਚੌਲ, ਲੋਹਾ, ਸੀਮੈਂਟ ਆਦਿ।

4. ਇਕੱਠ-ਵਾਚਕ ਜਾਂ ਸਮੂਹ-ਵਾਚਕ ਨਾਂਵ :-

ਜੋ ਕਿਸੇ ਇਕੱਠ ਜਾਂ ਸਮੂਹ ਨੂੰ ਪ੍ਰਗਟ ਕਰੇ, ਉਸ ਨੂੰ ਇਕੱਠ-ਵਾਚਕ ਨਾਂਵ ਕਿਹਾ ਜਾਂਦਾ ਹੈ। ਟੋਲਾ, ਇੱਜੜ, ਜਥੇਬੰਦੀ, ਸੰਮੇਲਨ ਆਦਿ।

5. ਭਾਵ-ਵਾਚਕ ਨਾਂਵ :-

ਨਜ਼ਰ ਨਾ ਆਉਣ ਵਾਲੀਆਂ ਅਤੇ ਛੋਹੀਆਂ ਨਾ ਜਾਣ ਵਾਲੀਆਂ ਪਰ ਮਹਿਸੂਸ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਨਾਂ ਨੂੰ ਭਾਵ-ਵਾਚਕ ਨਾਂਵ ਆਖਿਆ ਜਾਂਦਾ ਹੈ। ਜਿਵੇਂ, ਨਫ਼ਰਤ, ਗਰਮੀ, ਸਰਦੀ, ਸੱਚ, ਝੂਠ, ਸੁੰਦਰਤਾ, ਖੁਸ਼ੀ, ਮਿਠਾਸ ਤੇ ਕੁੜੱਤਣ ਆਦਿ।

ਕੁੱਲ ਮਿਲਾ ਕੇ ਨਾਂਵ ਸ਼ਬਦ ਨੂੰ ਤਿੰਨ ਧਰਾਤਲਾਂ ਉੱਪਰ ਸਮਝਿਆ ਜਾ ਸਕਦਾ ਹੈ। ਇਹ ਧਰਾਤਲ ਹਨ ਅਰਥ, ਰੂਪ ਤੇ ਪ੍ਰਕਾਰਜ। ਅਰਥ ਦੇ ਆਧਾਰ 'ਤੇ ਨਾਂਵ ਰਾਹੀਂ ਕਿਸੇ ਸਥਾਨ, ਵਿਅਕਤੀ, ਵਸਤੂ ਜਾਂ ਅਰਥ/ਭਾਵ ਨੂੰ ਦਰਸਾਇਆ ਜਾਂਦਾ ਹੈ। ਅਜਿਹੇ ਸ਼ਬਦ ਜਿਹਨਾਂ ਦਾ ਰੂਪ, ਵਚਨ, ਕਾਰਕ ਜਾਂ ਲਿੰਗ ਦੀ ਵਿਆਕਰਨਕ ਸ਼੍ਰੇਣੀ ਲਈ ਬਦਲਦਾ ਹੈ, ਰੂਪ ਦੀ ਦ੍ਰਿਸ਼ਟੀ ਤੋਂ ਨਾਂਵ ਅਖਵਾਉਂਦੇ ਹਨ। ਅਜਿਹੇ ਸ਼ਬਦ ਵਾਕ ਵਿਚ ਕਿਰਿਆ ਦੇ ਕਰਮ ਅਤੇ ਕਰਤਾ ਵਜੋਂ ਕਾਰਜਸ਼ੀਲ ਹੁੰਦੇ ਹਨ।

ਲਿੰਗ

ਜੋ ਸ਼ਬਦ ਕਿਸੇ ਇਸਤਰੀ-ਪੁਰਖ ਜਾਂ ਨਰ-ਮਾਦਾ ਵਿਚਕਾਰ ਭੇਦ ਦਰਸਾਏ, ਨੂੰ ਲਿੰਗ ਕਿਹਾ ਜਾਂਦਾ ਹੈ। ਇਹ ਦੋ

ਪ੍ਰਕਾਰ ਦੇ ਹੁੰਦੇ ਹਨ। ਜ਼ਿਕਰਯੋਗ ਹੈ ਕਿ ਅੰਗਰੇਜ਼ੀ ਵਿਚ ਚਾਰ ਕਿਸਮ ਦੇ ਲਿੰਗ ਮੰਨੇ ਜਾਂਦੇ ਹਨ ਪਰ ਪੰਜਾਬੀ ਵਿਆਕਰਨ ਅਨੁਸਾਰ ਲਿੰਗ ਦੋ ਪ੍ਰਕਾਰ ਦੇ ਹੁੰਦੇ ਹਨ - ਪੁਲਿੰਗ ਤੇ ਇਸਤਰੀ ਲਿੰਗ। ਪਿਆਰੇ ਵਿਦਿਆਰਥੀਓ, ਹੁਣ ਅੱਗੇ ਅਸੀਂ ਪੁਲਿੰਗ ਅਤੇ ਇਸਤਰੀ ਲਿੰਗ ਦੀ ਪਰਿਭਾਸ਼ਾ ਅਤੇ ਉਹਨਾਂ ਦੀ ਵਰਤੋਂ ਕਰਨ ਨਾਲ ਸੰਬੰਧਤ ਤੱਥਾਂ ਉੱਪਰ ਵਿਚਾਰ ਕਰਾਂਗੇ।

ਪੁਲਿੰਗ :-

ਮਰਦਾਵੇਂ ਜਾਂ ਨਰ ਭੇਦ ਨੂੰ ਦਰਸਾਉਣ ਵਾਲੇ ਸ਼ਬਦ ਨੂੰ ਪੁਲਿੰਗ ਆਖਿਆ ਜਾਂਦਾ ਹੈ। ਜਿਵੇਂ - ਮੁੰਡਾ, ਹਾਥੀ, ਪਿਤਾ, ਮਾਸੜ, ਗਧਾ, ਜੁਆਈ, ਰਾਜਾ, ਗਭਰੂ ਆਦਿ।

ਇਸਤਰੀ ਲਿੰਗ :-

ਔਰਤ ਜਾਂ ਮਾਦਾ ਭੇਦ ਨੂੰ ਦਰਸਾਉਣ ਵਾਲੇ ਸ਼ਬਦਾਂ ਨੂੰ ਇਸਤਰੀ ਲਿੰਗ ਆਖਿਆ ਜਾਂਦਾ ਹੈ। ਜਿਵੇਂ - ਸੱਸ, ਕੰਨਿਆ, ਗਾਂ, ਮੇਮ, ਸਹੇਲੀ, ਤੀਵੀਂ, ਪਰੀ, ਭੈਣ, ਚੁੜੈਲ, ਧੀ, ਸਾਲੀ ਆਦਿ।

ਵਿਦਿਆਰਥੀਆਂ ਦੀ ਜਾਣਕਾਰੀ ਲਈ ਇਹ ਗੱਲ ਦੱਸ ਦੇਣੀ ਜ਼ਰੂਰੀ ਹੈ ਕਿ ਲਿੰਗ-ਭੇਦ ਸਿਰਫ਼ ਜਾਨਦਾਰ ਚੀਜ਼ਾਂ ਲਈ ਹੀ ਨਹੀਂ ਹੁੰਦਾ ਸਗੋਂ ਬੇਜਾਨ ਚੀਜ਼ਾਂ ਦੀ ਬਣਤਰ ਜਾਂ ਉਹਨਾਂ ਦੇ ਕੱਦ-ਕਾਠ ਦੇ ਆਧਾਰ 'ਤੇ ਵੀ ਉਹਨਾਂ 'ਚ ਲਿੰਗ-ਭੇਦ ਦੀ ਪਛਾਣ ਕੀਤੀ ਜਾਂਦੀ ਹੈ। ਅਜਿਹੇ ਲਿੰਗ-ਭੇਦ ਦੀ ਪਛਾਣ ਲਈ ਅਸੀਂ ਇਹਨਾਂ ਨੂੰ ਹੇਠ ਲਿਖੇ ਦੋ ਹਿੱਸਿਆਂ 'ਚ ਵੰਡ ਕੇ ਕਿਸਮਾਂ ਦੇ ਆਧਾਰ 'ਤੇ ਪਰਖ ਕਰ ਸਕਦੇ ਹਾਂ।

1. **ਨਿਰਜੀਵ ਪੁਲਿੰਗ** :- ਦਰਵਾਜ਼ਾ, ਰੀਡਾਸਾ, ਟਰੈਕਟਰ, ਕਮਰਾ ਆਦਿ।

2. **ਨਿਰਜੀਵ ਇਸਤਰੀ-ਲਿੰਗ** :- ਖਿੜਕੀ, ਆਰੀ, ਮੋਟਰ, ਰਸੋਈ ਆਦਿ।

ਵਿਦਿਆਰਥੀਓ, ਹੁਣ ਤੱਕ ਅਸੀਂ ਲਿੰਗ ਅਤੇ ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਹਾਸਲ ਕੀਤੀ ਹੈ। ਸੰਖੇਪ ਵਿਚ ਇਹ ਜਾਣਕਾਰੀ ਹਾਸਲ ਕਰਨਾ ਬਹੁਤ ਜ਼ਰੂਰੀ ਹੈ। ਇਸ ਤੋਂ ਬਿਨਾ ਤੁਸੀਂ ਇਮਤਿਹਾਨ 'ਚ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦੇ। ਲਿੰਗ ਦੀ ਚਰਚਾ ਨੂੰ ਅੱਗੇ ਤੋਰਦਿਆਂ ਹੁਣ ਅਸੀਂ ਲਿੰਗ ਦੀ ਪਛਾਣ ਕਰਨ ਲਈ ਲੋੜੀਂਦੇ ਨੇਮਾਂ ਉੱਪਰ ਚਰਚਾ ਕਰਾਂਗੇ।

ਲਿੰਗ ਦੀ ਪਛਾਣ ਦੇ ਨੇਮ :- ਲਿੰਗ ਦੀ ਪਛਾਣ ਕਰਨ ਲਈ ਮੁੱਖ ਤੌਰ 'ਤੇ ਚਾਰ ਨੇਮ ਕਾਰਜਸ਼ੀਲ ਰਹਿੰਦੇ ਹਨ :-

1. **ਨਾਂਵ** - ਸਭ ਤੋਂ ਪਹਿਲਾਂ ਇਹ ਗੱਲ ਯਾਦ ਰੱਖ ਲੈਣੀ ਚਾਹੀਦੀ ਹੈ ਕਿ ਨਰ ਵਾਲੇ ਨਾਂ ਨੂੰ ਪੁਲਿੰਗ ਅਤੇ ਇਸਤਰੀ ਜਾਂ ਮਾਦਾ ਵਾਲੇ ਨਾਂ ਨੂੰ ਇਸਤਰੀ ਲਿੰਗ ਰਾਹੀਂ ਸੰਬੋਧਨ ਕੀਤਾ ਜਾਂਦਾ ਹੈ। ਜਿਵੇਂ ਸ਼ੇਰ, ਬਾਜ਼ੀਗਰ, ਸੇਵਾਦਾਰ, ਲੇਖਕ ਅਤੇ ਨਾਇਕ ਪੁਲਿੰਗ ਹਨ। ਜਦ ਕਿ ਸ਼ੇਰਨੀ, ਬਾਜ਼ੀਗਰਨੀ, ਸੇਵਾਦਾਰਨੀ, ਲੇਖਿਕਾ ਅਤੇ ਨਾਇਕਾ ਇਸਤਰੀ ਲਿੰਗ ਹਨ।

2. **ਪੜਨਾਂਵ** - ਲਿੰਗ ਦੀ ਪਛਾਣ ਦਾ ਇਕ ਅਸਾਨ ਜਿਹਾ ਤਰੀਕਾ ਇਹ ਹੈ ਕਿ ਜਿਨ੍ਹਾਂ ਪੜਨਾਵਾਂ ਦੇ ਅਖੀਰ 'ਤੇ ਕੰਨਾ ਲੱਗਿਆ ਹੋਵੇ ਉਹ ਪੁਲਿੰਗ ਹੁੰਦੇ ਹਨ, ਪਰ ਜਿਨ੍ਹਾਂ ਪੜਨਾਵਾਂ ਦੇ ਅਖੀਰ 'ਚ ਕੰਨਾ ਨਾ ਹੋਵੇ, ਉਹਨਾਂ ਦਾ ਲਿੰਗ ਪਹਿਲਾਂ ਆ ਚੁੱਕੇ ਨਾਂਵ ਮੁਤਾਬਿਕ ਹੁੰਦਾ ਹੈ। ਜਿਵੇਂ -

ਮੰਜੂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਅੱਜ ਜਮਾਤ ਨੂੰ ਨਹੀਂ ਪੜ੍ਹਾਵੇਗੀ। (ਉਹ.... ਇਸਤਰੀ ਲਿੰਗ)

ਦੇਵ ਦਾ ਕੱਲ ਇਮਤਿਹਾਨ ਹੈ, ਇਸ ਲਈ ਉਹ ਪੜ੍ਹ ਰਿਹਾ ਹੈ। (ਉਹ.... ਪੁਲਿੰਗ)

3. **ਕਿਰਿਆ** - ਕਿਰਿਆ ਦੇ ਅਖੀਰ 'ਚ ਕੰਨਾ ਆਉਣ ਨਾਲ ਵੀ ਉਹ ਪੁਲਿੰਗ ਬਣ ਜਾਂਦੀ ਹੈ। ਜੇਕਰ ਕਿਰਿਆ ਦੇ ਅਖੀਰ 'ਚ ਬਿਹਾਰੀ ਆ ਜਾਵੇ ਤਾਂ ਉਹ ਇਸਤਰੀ ਲਿੰਗ ਬਣ ਜਾਂਦੀ ਹੈ। ਜਿਵੇਂ - ਮੋਹਨ ਜਾਂਦਾ ਹੈ। ਮੋਹਨ ਪੁਲਿੰਗ ਹੈ। ਕਿਰਿਆ (ਜਾਂਦਾ) ਦਾ ਅਖੀਰ 'ਚ ਕੰਨਾ ਲੱਗਣ ਨਾਲ ਇਹ ਪੁਲਿੰਗ ਹੈ।

ਸੀਤਾ ਗਈ ਹੈ। ਸੀਤਾ ਇਸਤਰੀ ਲਿੰਗ ਹੈ, ਕਿਰਿਆ (ਗਈ) ਦੇ ਅਖੀਰ 'ਚ ਬਿਹਾਰੀ ਲੱਗਣ ਨਾਲ ਇਹ ਇਸਤਰੀ ਲਿੰਗ ਹੈ।

4. ਵਿਸ਼ੇਸ਼ਣ – ਵਿਸ਼ੇਸ਼ਣਾਂ ਦੇ ਅਖੀਰ 'ਚ ਕੰਨਾ (ਾ) ਆਉਣ ਨਾਲ ਉਹ ਪੁਲਿੰਗ ਵਿਚ ਰੂਪਾਂਤਰਿਤ ਹੋ ਜਾਂਦੇ ਹਨ। ਪਰ ਜਿਹੜੇ ਵਿਸ਼ੇਸ਼ਣਾਂ ਦੇ ਅਖੀਰ 'ਚ ਕੰਨਾ ਗ਼ੈਰ-ਹਾਜ਼ਿਰ ਹੋਵੇ ਉਹ ਆਪਣੇ ਵਿਸ਼ੇਸ਼ ਮੁਤਾਬਕ ਹੀ ਰਹਿੰਦੇ ਹਨ। ਜਿਵੇਂ – ਨੀਲਾ ਅਸਮਾਨ, ਭੀੜੀ ਗਲੀ ਆਦਿ।

ਪੁਲਿੰਗ ਤੋਂ ਇਸਤਰੀ ਲਿੰਗ ਬਣਾਉਣ ਵਾਸਤੇ ਕਿਸੇ ਪੁਲਿੰਗ ਨਾਂਵ ਦੇ ਅਖੀਰ 'ਚ ਮੁਕਤਾ ਅੱਖਰ ਨਾਲ 'ਣੀਂ, 'ਨੀਂ, 'ਕੰਨਾਂ, 'ੜੀਂ, ਜਾਂ 'ਕੀਂ ਲਗਾ ਕੇ ਇਸਤਰੀ ਲਿੰਗ ਬਣਾਇਆ ਜਾ ਸਕਦਾ ਹੈ। ਜਿਵੇਂ – ਪਠਾਨ ਤੋਂ ਪਠਾਣੀ, ਫ਼ਕੀਰ ਤੋਂ ਫ਼ਕੀਰਨੀ, ਲੇਖਕ ਤੋਂ ਲੇਖਿਕਾ, ਬ੍ਰਾਹਮਣ ਤੋਂ ਬ੍ਰਾਹਮਣੀ, ਬਾਲ ਤੋਂ ਬਾਲੜੀ, ਅਧਿਆਪਕ ਤੋਂ ਅਧਿਆਪਿਕਾ ਆਦਿ।

ਪਿਆਰੇ ਵਿਦਿਆਰਥੀਓ, ਹੁਣ ਅਸੀਂ ਬਿਹਾਰੀ ਵਧਾ ਕੇ ਪੁਲਿੰਗ ਤੋਂ ਇਸਤਰੀ ਲਿੰਗ ਬਣਾਉਣ ਦਾ ਅਭਿਆਸ ਕਰਾਂਗੇ।

1. ਬਿਹਾਰੀ ਵਧਾ ਕੇ ਇਸਤਰੀ ਲਿੰਗ ਬਣਾਉਣਾ :–

ਪੁਲਿੰਗ	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*
ਚਮਿਆਰ	ਚਮਿਆਰੀ	ਬਾਂਦਰ	ਬਾਂਦਰੀ	ਮੱਛ	ਮੱਛੀ
ਤਰਖਾਣ	ਤਰਖਾਣੀ	ਬੱਦਲ	ਬੱਦਲੀ	ਜੱਟ	ਜੱਟੀ
ਗੁੱਜਰ	ਗੁੱਜਰੀ	ਪਹਾੜ	ਪਹਾੜੀ	ਪੁੱਤਰ	ਪੁੱਤਰੀ
ਕੁੱਕੜ	ਕੁੱਕੜੀ	ਦੇਵ	ਦੇਵੀ	ਹੱਡ	ਹੱਡੀ
ਟੋਪ	ਟੋਪੀ	ਪਠਾਣ	ਪਠਾਣੀ	ਸੁਨਿਆਰ	ਸੁਨਿਆਰੀ
ਹਿਰਨ	ਹਿਰਨੀ	ਕਬੂਤਰ	ਕਬੂਤਰੀ	ਦੰਦ	ਦੰਦੀ
ਪੱਥਰ	ਪੱਥਰੀ	ਦਾਸ	ਦਾਸੀ	ਲੂੰਬੜ	ਲੂੰਬੜੀ
ਪੁੱਤਰ	ਪੁੱਤਰੀ	ਗਿੱਦੜ	ਗਿੱਦੜੀ	ਮੱਟ	ਮੱਟੀ
ਮੱਖ	ਮੱਖੀ				

2. 'ਣੀਂ ਵਧਾ ਕੇ ਇਸਤਰੀ ਲਿੰਗ ਬਣਾਉਣਾ :–

ਪੁਲਿੰਗ	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*
ਗਰੀਬ	ਗਰੀਬਣੀ	ਸੱਪ	ਸੱਪਣੀ	ਦਿਉਰ	ਦਿਉਰਾਣੀ
ਤੁਰਕ	ਤੁਰਕਾਣੀ	ਭੰਡ	ਭੰਡਣੀ	ਜੇਠ	ਜੇਠਾਣੀ
ਡਾਕਟਰ	ਡਾਕਟਰਾਣੀ	ਵਕੀਲ	ਵਕੀਲਣੀ	ਪ੍ਰੋਹਤ	ਪ੍ਰੋਹਤਾਣੀ
ਪੰਡਤ	ਪੰਡਤਾਣੀ	ਰਾਜਪੂਤ	ਰਾਜਪੂਤਣੀ	ਰਿੱਛ	ਰਿੱਛਣੀ
ਮਾਸਟਰ	ਮਾਸਟਰਾਣੀ	ਭੀਲ	ਭੀਲਣੀ	ਨਟ	ਨਟਣੀ
ਮੁਗ਼ਲ	ਮੁਗ਼ਲਾਣੀ	ਸਾਧ	ਸਾਧਣੀ	ਕੁੜਮ	ਕੁੜਮਣੀ
		ਨਾਗ	ਨਾਗਣੀ	ਸ਼ਾਹ	ਸ਼ਾਹਣੀ

3. 'ਨੀਂ ਵਧਾ ਕੇ ਇਸਤਰੀ ਲਿੰਗ ਬਣਾਉਣਾ :–

ਪੁਲਿੰਗ	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*
ਸ਼ੇਰ	ਸ਼ੇਰਨੀ	ਚਕੋਰ	ਚਕੋਰਨੀ
ਜਾਦੂਗਰ	ਜਾਦੂਗਰਨੀ	ਫ਼ਕੀਰ	ਫ਼ਕੀਰਨੀ

ਸੂਰ	ਸੂਰਨੀ	ਬਾਜੀਗਰ	ਬਾਜੀਗਰਨੀ
ਜਮਾਂਦਾਰ	ਜਮਾਂਦਾਰਨੀ	ਥਾਣੇਦਾਰ	ਥਾਣੇਦਾਰਨੀ
ਮੋਰ	ਮੋਰਨੀ		
ਹਾਥੀ	ਹੱਥਣੀ		

4. **'ਕੰਨਾਂ' ਤੇ 'ਣੀਂ' ਵਧਾ ਕੇ ਇਸਤਰੀ ਲਿੰਗ ਬਣਾਉਣਾ :-**

ਪੁਲਿੰਗ	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*
ਡਾਕਟਰ	ਡਾਕਟਰਾਣੀ	ਪ੍ਰੋਫ਼ੈਸਰ	ਪ੍ਰੋਫ਼ੈਸਰਾਣੀ
ਜੇਠ	ਜੇਠਾਣੀ	ਤੁਰਕ	ਤੁਰਕਾਣੀ
ਦਿਉਰ	ਦਿਉਰਾਣੀ	ਮਿਸ਼ਰ	ਮਿਸ਼ਰਾਣੀ
ਪੰਡਤ	ਪੰਡਤਾਣੀ	ਮਾਸਟਰ	ਮਾਸਟਰਾਣੀ
ਨੌਕਰ	ਨੌਕਰਾਣੀ	ਪ੍ਰੋਹਤ	ਪ੍ਰੋਹਤਾਣੀ
ਮੁਗ਼ਲ	ਮੁਗਲਾਣੀ		

5. **ਕੰਨੇ ਦੀ ਥਾਂ ਬਿਹਾਰੀ ਲਾ ਕੇ ਇਸਤਰੀ ਲਿੰਗ ਬਣਾਉਣਾ :-**

ਪੁਲਿੰਗ	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*
ਗੋਲਾ	ਗੋਲੀ	ਆਰਾ	ਆਰੀ	ਚੰਗਾ	ਚੰਗੀ
ਹੋਲਾ	ਹੋਲੀ	ਗੀਜਾ	ਗੀਜੀ	ਮੰਦਾ	ਮੰਦੀ
ਨਾਨਾ	ਨਾਨੀ	ਲਾਲਾ	ਲਾਲੀ	ਗੀਦਾ	ਗੀਦੀ
ਸਾਲਾ	ਸਾਲੀ	ਮਾਮਾ	ਮਾਮੀ	ਕੁੜਤਾ	ਕੁੜਤੀ
ਤੋਤਾ	ਤੋਤੀ	ਜੋੜਾ	ਜੋੜੀ	ਬੱਕਰਾ	ਬੱਕਰੀ
ਤਿੱਤਰ	ਤਿੱਤਰੀ	ਸੁੱਤਾ	ਸੁੱਤੀ	ਖੋਤਾ	ਖੋਤੀ
ਬੌਣਾ	ਬੌਣੀ	ਚਾਚਾ	ਚਾਚੀ	ਸਾਰਾ	ਸਾਰੀ

ਵਿਦਿਆਰਥੀਆਂ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਇਹ ਨੇਮ ਸਿਰਫ਼ ਨਾਵਾਂ 'ਤੇ ਹੀ ਨਹੀਂ ਸਗੋਂ ਪੜਨਾਵਾਂ, ਵਿਸ਼ੇਸ਼ਣਾਂ ਤੇ ਕਿਰਿਆਵਾਂ ਤੇ ਵੀ ਢੁੱਕਦਾ ਹੈ।

ਪੜਨਾਵਾਂ ਵਿਚ ਉਸਦਾ ਤੋਂ ਉਸ ਦੀ, ਕਿਹੜਾ ਤੋਂ ਕਿਹੜੀ, ਤੇਰਾ ਤੋਂ ਤੇਰੀ ਤੇ ਜਿਹੜਾ ਤੋਂ ਜਿਹੜੀ ਆਦਿ ਬਣ ਜਾਂਦੇ ਹਨ। ਵਿਸ਼ੇਸ਼ਣ ਦੇ ਲਿੰਗ ਤੋਂ ਇਸਤਰੀ ਲਿੰਗ ਬਣਾਉਣ ਲੱਗਿਆਂ ਨੀਲਾ ਤੋਂ ਨੀਲੀ, ਹਰਾ ਤੋਂ ਹਰੀ, ਝੂਠ ਤੋਂ ਝੂਠੀ, ਮਿੱਠਾ ਤੋਂ ਮਿੱਠੀ, ਫਿੱਕਾ ਤੋਂ ਫਿੱਕੀ, ਭੁੱਖਾ ਤੋਂ ਭੁੱਖੀ, ਗਿੱਲਾ ਤੋਂ ਗਿੱਲੀ, ਸੁੱਕਾ ਤੋਂ ਸੁੱਕੀ ਆਦਿ। ਉਦਾਹਰਨਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

ਕਿਰਿਆ ਦੇ ਆਧਾਰ 'ਤੇ ਇਸਤਰੀ ਲਿੰਗ ਬਣਾਉਣ ਲੱਗਿਆਂ ਚੜ੍ਹਦਾ ਤੋਂ ਚੜ੍ਹਦੀ, ਦੁਖਦਾ ਤੋਂ ਦੁਖਦੀ, ਗਿਆ ਤੋਂ ਗਈ ਆਦਿ ਉਦਾਹਰਨਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

6. **ਕੰਨੇ ਦੀ ਥਾਂ 'ਨ' ਲਗਾਉਣ ਨਾਲ ਇਸਤਰੀ ਲਿੰਗ ਬਣਾਉਣਾ :-**

ਪੁਲਿੰਗ	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*
ਭਠਿਆਰਾ	ਭਠਿਆਰਨ	ਠਠੇਰਾ	ਠਠੇਰਨ

7. **ਪੁਲਿੰਗ ਨਾਵਾਂ ਦੇ ਅਖੀਰ 'ਚ ' ਆਂ ' ਲੱਗਾ ਹੋਵੇ ਤਾਂ ਇਸ ਦੀ ਥਾਂ 'ਣ' ਦੀ ਵਰਤੋਂ ਕਰਨ ਨਾਲ ਇਸਤਰੀ**

ਲਿੰਗ ਬਣ ਜਾਂਦਾ ਹੈ ਜਿਵੇਂ :-

ਪੁਲਿੰਗ	ਇਸਤਰੀ ਲਿੰਗ	ਪੁਲਿੰਗ	ਇਸਤਰੀ ਲਿੰਗ	ਪੁਲਿੰਗ	ਇਸਤਰੀ ਲਿੰਗ
ਹਟਵਾਣੀਆਂ	ਹਟਵਾਣਨ	ਪੂਰਬੀਆ	ਪੂਰਬਣ	ਦੁਆਬੀਆ	ਦੁਆਬਣ

8. ਪੁਲਿੰਗ ਨਾਵਾਂ ਦੇ ਅਖੀਰ 'ਚ 'ਬਿਹਾਰੀਂ ਹਟਾ ਕੇ ਇਸ ਦੀ ਥਾਂ 'ਤੇ 'ਨ', 'ਨੀਂ', 'ਕੈਨਾ' (ਾ) + 'ਣੀਂ ਜਾਂ ਸਿਹਾਰੀ 'ਿ' + 'ਣ' ਲਗਾਉਣ ਨਾਲ ਇਸਤਰੀ ਲਿੰਗ ਬਣਾਇਆ ਜਾ ਸਕਦਾ ਹੈ। ਜਿਵੇਂ :-

ਪੁਲਿੰਗ	ਇਸਤਰੀ ਲਿੰਗ	ਪੁਲਿੰਗ	ਇਸਤਰੀ ਲਿੰਗ	ਪੁਲਿੰਗ	ਇਸਤਰੀ ਲਿੰਗ
ਮੋਚੀ	ਮੋਚਣ	ਪੰਜਾਬੀ	ਪੰਜਾਬਣ	ਧੋਬੀ	ਧੋਬਣ
ਗਿਆਨੀ	ਗਿਆਨਣ	ਤੇਲੀ	ਤੇਲਣ	ਮਾਲੀ	ਮਾਲਣ
ਈਸਾਈ	ਈਸਾਇਣ	ਜੁਆਰੀ	ਜੁਆਰਨ	ਪਟਵਾਰੀ	ਪਟਵਾਰਨ
ਜੋਹਰੀ	ਜੌਹਰਨ	ਗੁਆਂਢੀ	ਗੁਆਂਢਣ	ਲਿਖਾਰੀ	ਲਿਖਾਰਨ
ਰੋਗੀ	ਰੋਗਣ	ਖਤਰੀ	ਖਤਰਾਣੀ	ਧੋਬੀ	ਧੋਬਣ
ਖਿਡਾਰੀ	ਖਿਡਾਰਨ	ਕਸ਼ਮੀਰੀ	ਕਸ਼ਮੀਰਨ	ਸ਼ਹਿਰੀ	ਸ਼ਹਿਰਨ
ਪਤੀ	ਪਤਨੀ	ਸ਼ੁਦਾਈ	ਸ਼ੁਦਾਇਣ	ਚੌਧਰੀ	ਚੌਧਰਾਣੀ
ਨਾਈ	ਨਾਇਣ	ਹਲਵਾਈ	ਹਲਵਾਇਣ	ਬੰਗਾਲੀ	ਬੰਗਾਲਣ

ਇਥੇ ਇਕ ਗੱਲ ਹੋਰ ਧਿਆਨ ਦੀ ਮੰਗ ਕਰਦੀ ਹੈ ਕਿ ਜਿਨ੍ਹਾਂ ਪੁਲਿੰਗ ਨਾਂਵ ਸ਼ਬਦਾਂ ਦੇ ਅਖੀਰ 'ਚ 'ਬਿਹਾਰੀਂ (ਿ) ਦੀ ਥਾਂ 'ਣੀਂ ਲਾਉਣ ਨਾਲ ਇਸਤਰੀ ਲਿੰਗ ਬਣਾ ਲਿਆ ਜਾਂਦਾ ਹੈ ਪਰ ਨਾਲ ਹੀ ਉਹਨਾਂ ਦੇ ਸ਼ਬਦ-ਜੋੜਾਂ ਵਿਚ ਵੀ ਤਬਦੀਲੀ ਆ ਜਾਂਦੀ ਹੈ। ਉਦਾਹਰਨ ਵਜੋਂ ਅਜਿਹਾ ਅਖੀਰ 'ਚ ਔਕੜ ' ੱ ' ਜਾਂ ਦੁਲੈਕੜ ' ੁ ' ਵਾਲੇ ਨਾਵਾਂ ਵਿਚ ਵਾਪਰਦਾ ਹੈ। ਜਿਵੇਂ ਸਾਊ ਤੋਂ ਸੁਆਣੀ, ਹਿੰਦੂ ਤੋਂ ਹਿੰਦਵਾਣੀ ਆਦਿ ਵਿਚ। ਇਸੇ ਤਰ੍ਹਾਂ ਪੁਲਿੰਗ ਨਾਂਵ ਦੇ ਅਖੀਰ 'ਚ ਮੁਕਤਾ ਅੱਖਰ ਹੋਵੇ ਤਾਂ ਉਸ ਨਾਲ ਕੈਨਾ 'ਾ' ਲਾਉਣ ਨਾਲ ਇਸਤਰੀ ਲਿੰਗ ਬਣ ਜਾਂਦਾ ਹੈ। ਜਿਵੇਂ :-

ਪੁਲਿੰਗ	ਇਸਤਰੀ ਲਿੰਗ	ਪੁਲਿੰਗ	ਇਸਤਰੀ ਲਿੰਗ	ਪੁਲਿੰਗ	ਇਸਤਰੀ ਲਿੰਗ
ਲੇਖਕ	ਲੇਖਿਕਾ	ਨਿਰਦੇਸ਼ਕ	ਨਿਰਦੇਸ਼ਿਕਾ	ਪਾਠਕ	ਪਾਠਿਕਾ

ਕਈ ਵਾਰ ਕੁਝ ਅਜਿਹੇ ਪੁਲਿੰਗ ਨਾਂਵ ਹੁੰਦੇ ਹਨ, ਜਿਨ੍ਹਾਂ ਨੂੰ ਇਸਤਰੀ ਲਿੰਗ ਬਣਾਉਣ ਲਈ ਕੋਈ ਨੇਮ ਤਹਿ ਨਹੀਂ ਹੈ। ਇਹਨਾਂ ਸ਼ਬਦਾਂ ਦੇ ਸ਼ਬਦ-ਜੋੜ ਵੀ ਵੱਖੋ-ਵੱਖਰੇ ਹੋ ਸਕਦੇ ਹਨ। ਜਿਵੇਂ :-

ਪੁਲਿੰਗ	ਇਸਤਰੀ ਲਿੰਗ	ਪੁਲਿੰਗ	ਇਸਤਰੀ ਲਿੰਗ	ਪੁਲਿੰਗ	ਇਸਤਰੀ ਲਿੰਗ
ਮੁੰਡਾ	ਕੁੜੀ	ਸਾਂਢੂ	ਸਾਲੀ	ਰਾਜਾ	ਰਾਣੀ
ਮਰਦ	ਔਰਤ	ਪਤਿਔਹਰਾ	ਪਤੀਸ	ਗਭਰੂ	ਮੁਟਿਆਰ
ਬਲਦ	ਗਾਂ	ਖਸਮ	ਰੰਨ	ਪੁਰਖ	ਇਸਤਰੀ
ਸਾਹਬ	ਮੇਮ	ਮਿੱਤਰ	ਸਹੇਲੀ	ਭਰਾ	ਭੈਣ
ਗ੍ਰੰਥ	ਪੋਥੀ	ਨਵਾਬ	ਬੇਗਮ	ਦਦਿਔਹਰਾ	ਦਦੇਹਸ
ਫੁੱਫੜ	ਭੂਆ	ਦੇਵ	ਪਰੀ	ਫਫਿਔਹਰਾ	ਫਫੇਹਸ
ਜਵਾਈ	ਧੀ	ਰਾਜਾ	ਰਾਣੀ	ਨਰ	ਨਾਰੀ
ਪਿਉ	ਮਾਂ	ਸੰਢਾ	ਮੱਝ	ਕਵੀ	ਕਵਿਤਰੀ
ਸਹੁਰਾ		ਸੱਸ	ਭਣਵਈਆ	ਭੈਣ	

ਕਈ ਪੁਲਿੰਗ ਨਾਵਾਂ ਦੇ ਦੋ ਇਸਤਰੀ ਲਿੰਗ ਹਨ ਪਰ ਅਰਥ ਵੱਖੋ-ਵੱਖਰੇ ਹੁੰਦੇ ਹਨ। ਜਿਵੇਂ :-

ਸਾਲਾ ਤੋਂ ਸਾਲੀ ਜਾਂ ਸਾਲੇਹਾਰ, ਪੁੱਤਰ ਤੋਂ ਧੀ ਜਾਂ ਨੂੰਹ, ਭਰਾ ਤੋਂ ਭੈਣ ਜਾਂ ਭਰਜਾਈ ਆਦਿ।

ਪਿਆਰੇ ਵਿਦਿਆਰਥੀਓ, ਹੁਣ ਤੱਕ ਅਸੀਂ ਪੁਲਿੰਗ ਤੋਂ ਇਸਤਰੀ ਲਿੰਗ ਬਣਾਉਣ ਦੇ ਨੇਮਾਂ ਦਾ ਅਧਿਐਨ ਕੀਤਾ ਹੈ। ਹੁਣ ਅਸੀਂ ਇਸ ਨੇਮ ਵੱਲ ਰੁੱਖ ਕਰਦੇ ਹਾਂ ਕਿ ਇਸਤਰੀ ਲਿੰਗ ਤੋਂ ਪੁਲਿੰਗ ਕਿਵੇਂ ਬਣਾਏ ਜਾ ਸਕਦੇ ਹਨ। ਹੇਠ ਲਿਖੇ ਅਨੁਸਾਰ ਕੁਝ ਅਜਿਹੇ ਨੇਮਾਂ ਦਾ ਅਭਿਆਸ ਕਰਨਾ ਜ਼ਰੂਰੀ ਹੈ।

1. ਕਈ ਪੁਲਿੰਗ-ਨਾਂਵ ਇਸਤਰੀ ਲਿੰਗ ਨਾਂਵ ਤੋਂ ਬਣਾਏ ਜਾਂਦੇ ਹਨ।

ਇਸਤਰੀ ਲਿੰਗ	*ਪੁਲਿੰਗ*	*ਇਸਤਰੀ ਲਿੰਗ*	*ਪੁਲਿੰਗ*
ਨਿਨਾਣ	ਨਣਦੋਈਆ	ਮਾਸੀ	ਮਾਸੜ
ਭੈਣ	ਭਣਵਈਆ	ਤਾਈ	ਤਾਇਆ

2. ਕਈ ਨਾਵਾਂ ਦੇ ਦੋ ਪੁਲਿੰਗ ਹੁੰਦੇ ਹਨ ਪਰ ਅਰਥ ਵੱਖੋ-ਵੱਖਰੇ ਹੁੰਦੇ ਹਨ।

ਇਸਤਰੀ ਲਿੰਗ	*ਪੁਲਿੰਗ*	*ਇਸਤਰੀ ਲਿੰਗ*	*ਪੁਲਿੰਗ*
ਧੀ	ਪੁੱਤਰ, ਜਵਾਈ	ਭੈਣ	ਭਰਾ, ਭਣਵਈਆ
ਸਾਲੀ	ਸਾਲਾ, ਸਾਂਢੂ		

3. ਛੋਟੇ ਆਕਾਰ ਦੀਆਂ ਚੀਜ਼ਾਂ/ਵਸਤਾਂ ਨੂੰ ਵੱਡਾ ਦਰਸਾਉਣ ਲਈ ਵੀ ਲਿੰਗ ਬਦਲਿਆ ਜਾਂਦਾ ਹੈ। ਇਹ ਗੱਲ ਧਿਆਨਯੋਗ ਹੈ ਕਿ ਇਸਤਰੀ ਲਿੰਗ ਛੋਟੇ ਆਕਾਰ ਲਈ ਵਰਤਿਆ ਜਾਂਦਾ ਹੈ, ਜਦਕਿ ਵੱਡਾ ਆਕਾਰ ਪ੍ਰਗਟਾਉਣ ਵਾਸਤੇ ਪੁਲਿੰਗ ਦਾ ਇਸਤੇ ਮਾਲ ਹੁੰਦਾ ਹੈ। ਇਹਨਾਂ ਲਿੰਗ-ਬਦਲੀ ਵਾਲੇ ਸ਼ਬਦਾਂ ਦਾ ਅਭਿਆਸ ਅਸੀਂ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ :-

ਇਸਤਰੀ ਲਿੰਗ	*ਪੁਲਿੰਗ*	*ਇਸਤਰੀ ਲਿੰਗ*	*ਪੁਲਿੰਗ*	*ਇਸਤਰੀ ਲਿੰਗ*	*ਪੁਲਿੰਗ*
ਘੜੀ	ਘੜਾ	ਪਗੜੀ	ਪੱਗ	ਸਕੂਟਰੀ	ਸਕੂਟਰ
ਚਾਹ	ਚਾਹਟਾ	ਮੰਜੀ	ਮੰਜਾ	ਕੌਲੀ	ਕੌਲਾ
ਪਹਾੜੀ	ਪਹਾੜ	ਹਥੌੜੀ	ਹਥੌੜਾ	ਛੁਰੀ	ਛੁਰਾ
ਥਾਲੀ	ਥਾਲ	ਗੱਡੀ	ਗੱਡਾ	ਪੋਥੀ	ਪੋਥਾ
ਪੱਥਰੀ	ਪੱਥਰ	ਛੱਤਰੀ	ਛੱਤਰ		

4. ਕਈ ਨਾਂਵ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਦਾ ਕੋਈ ਵਿਰੋਧੀ ਲਿੰਗ ਹੁੰਦਾ ਹੀ ਨਹੀਂ। ਭਾਵ ਜੇਕਰ ਕੋਈ ਪੁਲਿੰਗ ਹੈ ਤਾਂ ਉਹ ਪੁਲਿੰਗ ਹੀ ਰਹਿੰਦਾ ਹੈ ਤੇ ਜੇਕਰ ਕੋਈ ਇਸਤਰੀ ਲਿੰਗ ਹੈ ਤਾਂ ਉਹ ਪੁਲਿੰਗ ਵਿਚ ਤਬਦੀਲ ਨਹੀਂ ਹੁੰਦਾ। ਜਿਵੇਂ :- ਇੱਟ, ਸ਼ਾਂਤੀ, ਹਵਾ, ਕੰਧ, ਲੜਾਈ, ਸੋਨਾ, ਫ਼ੌਜ, ਅੱਗ, ਤੇਲ, ਬਹਾਦਰੀ, ਪਿਆਰ, ਯੁੱਧ, ਮਿੱਟੀ, ਕ੍ਰੋਧ, ਗੁੱਸਾ, ਘਿਉ, ਭੁਚਾਲ, ਚਾਹ, ਪਿੱਤਲ, ਕਲੀ, ਕੰਧ, ਵੈਦ, ਪਾਣੀ, ਚਾਂਦੀ ਆਦਿ।

ਪਿਆਰੇ ਵਿਦਿਆਰਥੀਓ, ਅਸੀਂ ਉੱਪਰ ਲਿੰਗ ਕਿਸ ਨੂੰ ਆਖਦੇ ਹਨ, ਬਾਰੇ ਭਰਪੂਰ ਚਰਚਾ ਕੀਤੀ ਹੈ। ਲਿੰਗ ਨੂੰ ਸਮਝਣ ਲਈ ਅਸੀਂ ਕਈ ਤਰ੍ਹਾਂ ਦੀਆਂ ਉਦਾਹਰਨਾਂ ਸਹਿਤ ਇਸ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕੀਤਾ ਹੈ। ਲਿੰਗ ਦੀ ਹਰ ਇਕ ਕਿਸਮ ਦੀਆਂ ਅੱਗੋਂ ਕਈ ਕਈ ਉਦਾਹਰਨਾਂ ਦੇ ਕੇ ਇਸ ਵਿਸ਼ੇ ਦਾ ਗੰਭੀਰ ਅਧਿਐਨ ਕੀਤਾ ਹੈ। ਸੋ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਸਭ ਤੋਂ ਪਹਿਲਾਂ ਲਿੰਗ ਦੀ ਪਰਿਭਾਸ਼ਾ ਨੂੰ ਸਮਝਣ ਦਾ ਜਤਨ ਕਰਨ। ਇਸ ਉਪਰੰਤ ਉਹਨਾਂ ਨੂੰ ਇਸ ਗੱਲ ਦਾ ਪੂਰਨ ਗਿਆਨ ਹਾਸਲ ਕਰ ਲੈਣਾ ਚਾਹੀਦਾ ਹੈ ਕਿ ਪੁਲਿੰਗ ਤੇ ਇਸਤਰੀ ਲਿੰਗ ਕਿਸ ਨੂੰ ਆਖਦੇ ਹਨ ਅਤੇ ਇਹਨਾਂ ਦੋਵਾਂ ਵਿਚ ਕੀ ਅੰਤਰ ਹੁੰਦਾ ਹੈ। ਅਜਿਹਾ ਕਰਨ ਨਾਲ ਉਹਨਾਂ 'ਚ ਲਿੰਗ, ਪੁਲਿੰਗ ਤੇ ਇਸਤਰੀ ਲਿੰਗ ਬਾਰੇ ਪੁੱਛੇ ਜਾਣ ਵਾਲੇ ਸਵਾਲਾਂ ਦਾ ਜੁਆਬ ਦੇਣ 'ਚ ਅਸਾਨੀ ਹੋਏਗੀ।

ਵਚਨ

ਪਿਆਰੇ ਵਿਦਿਆਰਥੀਓ, ਲਿੰਗ ਅਤੇ ਪੁਲਿੰਗ ਬਾਰੇ ਵੇਰਵੇ ਸਹਿਤ ਚਰਚਾ ਕਰਨ ਮਗਰੋਂ ਹੁਣ ਅਸੀਂ ਵਚਨ ਬਦਲਣ

ਬਾਰੇ ਗਿਆਨ ਹਾਸਲ ਕਰਾਂਗੇ। ਕਿਉਂਕਿ ਲਿੰਗ ਦਾ ਵਚਨ ਬਦਲਣ ਵਿਚ ਇਕ ਅਹਿਮ ਯੋਗਦਾਨ ਹੁੰਦਾ ਹੈ, ਇਸ ਲਈ 'ਵਚਨ' ਨੂੰ ਪੜ੍ਹਨ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਲਿੰਗ ਦੀ ਸਮਝ ਹੋਣੀ ਬਹੁਤ ਜ਼ਰੂਰੀ ਹੈ, ਤਾਂ ਹੀ ਉਹ ਇਕ-ਵਚਨ ਤੋਂ ਬਹੁ-ਵਚਨ ਬਣਾਉਣ ਦੇ ਯੋਗ ਹੋ ਸਕਣਗੇ। ਸਭ ਤੋਂ ਪਹਿਲਾਂ ਸਾਨੂੰ ਇਹ ਜਾਣ ਲੈਣਾ ਲਾਜ਼ਮੀ ਹੋ ਜਾਂਦਾ ਹੈ ਕਿ ਆਖਿਰ ਵਚਨ ਕੀ ਹੁੰਦਾ ਹੈ। ਹੇਠਾਂ ਅਸੀਂ ਵੇਰਵੇ ਸਹਿਤ ਇਸ ਦਾ ਵਿਸ਼ਲੇਸ਼ਣ ਕਰ ਰਹੇ ਹਾਂ।

ਵਚਨ ਦੀ ਪਰਿਭਾਸ਼ਾ :- ਜੋ ਸ਼ਬਦ ਕਿਸੇ ਚੀਜ਼/ਵਸਤੂ ਦੇ ਇਕ ਜਾਂ ਇਕ ਤੋਂ ਵੱਧ ਹੋਣ ਦੇ ਭੇਦ ਨੂੰ ਪ੍ਰਗਟ ਕਰੇ, ਉਸ ਨੂੰ ਵਚਨ ਕਿਹਾ ਜਾਂਦਾ ਹੈ। ਜਿਵੇਂ 'ਕੁੱਤਾ' ਦਾ ਬਹੁਵਚਨ 'ਕੁੱਤੇ' ਹੁੰਦਾ ਹੈ। ਇਸ ਲਈ ਇਕ-ਵਚਨ ਅਤੇ ਬਹੁ-ਵਚਨ ਕਾਰਨ ਸਾਨੂੰ ਇਸ ਭੇਦ ਦਾ ਪਤਾ ਲੱਗ ਸਕਿਆ ਹੈ। ਇਸ ਤੋਂ ਇਹ ਗੱਲ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਵਚਨ ਦੇ ਅੱਗੋਂ ਦੋ ਭਾਗ ਹੁੰਦੇ ਹਨ। ਇਕ-ਵਚਨ ਅਤੇ ਬਹੁ-ਵਚਨ। ਹੁਣ ਅਸੀਂ ਇਕ-ਵਚਨ ਅਤੇ ਬਹੁ-ਵਚਨ ਦੀ ਉਦਾਹਰਨਾਂ ਦੇ ਕੇ ਵਿਸਥਾਰ ਸਹਿਤ ਵਿਆਖਿਆ ਕਰਾਂਗੇ।

1. **ਇਕ-ਵਚਨ** :- ਇਕ ਚੀਜ਼ ਜਾਂ ਵਸਤ ਨੂੰ ਪ੍ਰਗਟਾਉਣ ਵਾਲੇ ਸ਼ਬਦ ਨੂੰ ਇਕ ਵਚਨ ਕਿਹਾ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਜਦੋਂ ਅਸੀਂ ਮੈਂ, ਮੇਰਾ, ਉਸਦਾ, ਹਾਂ ਆਦਿ ਕਹਿੰਦੇ ਹਾਂ ਤਾਂ ਇਹ ਕਿਸੇ ਇਕ ਚੀਜ਼ ਜਾਂ ਵਸਤ ਦਾ ਪ੍ਰਗਟਾਵਾ ਕਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਅਸੀਂ ਇਕ-ਵਚਨ ਦੀਆਂ ਹੋਰ ਉਦਾਹਰਨਾਂ ਦੇ ਕੇ ਸਮਝ ਸਕਦੇ ਹਾਂ। ਜਿਵੇਂ ਸਲੇਟ, ਕਲਮ, ਕਥਾ, ਸ਼ੀਸ਼ਾ, ਮੰਜਾ ਆਦਿ।

2. **ਬਹੁ-ਵਚਨ** :- ਬਹੁ-ਵਚਨ, ਇਕ-ਵਚਨ ਦੇ ਬਿਲਕੁਲ ਉਲਟ ਹੁੰਦਾ ਹੈ। ਜਦੋਂ ਅਸੀਂ ਕਿਸੇ ਚੀਜ਼/ਵਸਤ ਨੂੰ ਬਹੁਤਾਤ ਵਿਚ ਦਰਸਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਇਕ-ਵਚਨ ਤੋਂ ਬਹੁ-ਵਚਨ ਬਣਾਉਣ ਦੀ ਲੋੜ ਪੈਂਦੀ ਹੈ। ਜਿਵੇਂ :- ਪੁਸਤਕਾਂ, ਵਾਕਾਂ, ਗਾਜਰਾਂ, ਬੈਠੇ, ਕੋਠੀਆਂ, ਚੰਗੀਆਂ, ਤੇਰੀਆਂ, ਮੇਰੀਆਂ ਆਦਿ। ਅਰਥਾਤ ਜਿਹੜਾ ਸ਼ਬਦ ਬਹੁਤੀਆਂ ਵਸਤਾਂ ਹੋਣ ਦਾ ਪ੍ਰਗਟਾਵਾ ਕਰੇ, ਉਸ ਨੂੰ ਬਹੁ-ਵਚਨ ਆਖਿਆ ਜਾਂਦਾ ਹੈ। ਇਕ-ਵਚਨ ਤੋਂ ਬਹੁ-ਵਚਨ ਬਣਾਉਣ ਲੱਗਿਆਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਬਹੁ-ਵਚਨ ਲਈ ਕਿਹੜੇ-ਕਿਹੜੇ ਨੇਮ ਹੁੰਦੇ ਹਨ ਅਤੇ ਉਹਨਾਂ ਦਾ ਇਸਤੇਮਾਲ ਕਿਸ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਬਹੁ-ਵਚਨ ਲਈ ਕਿਹੜੇ-ਕਿਹੜੇ ਨੇਮ ਹੁੰਦੇ ਹਨ ਅਤੇ ਉਹਨਾਂ ਦਾ ਇਸਤੇਮਾਲ ਕਿਸ ਢੰਗ ਨਾਲ ਕਰਨਾ ਚਾਹੀਦਾ ਹੈ। ਨੇਮਾਂ ਦਾ ਗਿਆਨ ਨਾ ਹੋਣ ਦੀ ਸੂਰਤ ਵਿਚ ਕਈ ਵਾਰ ਵਿਦਿਆਰਥੀ ਆਪਣੀ ਸੂਝ ਅਨੁਸਾਰ ਅਟੇ-ਸਟੇ ਨਾਲ ਹੀ ਇਕ-ਵਚਨ ਤੋਂ ਬਹੁ-ਵਚਨ ਬਣਾਉਣ ਲੱਗ ਜਾਂਦੇ ਹਨ ਜੋ ਉਹਨਾਂ ਲਈ ਨੁਕਸਾਨਦੇਹ ਤਾਂ ਹੁੰਦਾ ਹੀ ਹੈ, ਨਾਲ ਹੀ ਉਹ ਜ਼ਿੰਦਗੀ ਭਰ ਗਿਆਨ ਤੋਂ ਵੀ ਵਾਂਝੇ ਰਹਿ ਜਾਂਦੇ ਹਨ। ਇਸ ਲਈ ਸ਼ਬਦਾਂ ਨੂੰ ਇਕ-ਵਚਨ ਤੋਂ ਬਹੁ-ਵਚਨ ਬਣਾਉਣ ਲੱਗਿਆਂ ਸਹੀ ਨੇਮਾਂ ਦੀ ਪਛਾਣ ਕਰਨ ਦੀ ਲੋੜ ਹੈ। ਹੁਣ ਹੇਠਾਂ ਅਸੀਂ ਵਚਨ ਬਦਲਣ ਬਾਰੇ ਕੁਝ ਨੇਮ ਦੇ ਕੇ ਉਹਨਾਂ ਦੀ ਉਦਾਹਰਨਾਂ ਸਹਿਤ ਵਿਆਖਿਆ ਕਰਾਂਗੇ। ਇਹਨਾਂ ਦਾ ਅਧਿਐਨ ਕਰਨ ਨਾਲ ਹੀ ਤੁਸੀਂ ਇਮਤਿਹਾਨ 'ਚ ਪੁੱਛੇ ਜਾਣ ਵਾਲੇ ਸੁਆਲਾਂ ਦਾ ਜੁਆਬ ਦੇਣ ਲਈ ਤਿਆਰ ਹੋ ਸਕੋਗੇ।

1. ਜੇਕਰ ਪੁਲਿੰਗ ਨਾਂਵ ਦੇ ਅੰਤ ਵਿਚ ਕੰਨਾ ਲੱਗਿਆ ਹੋਵੇ ਤਾਂ ਉਸ ਨੂੰ ਹਟਾ ਕੇ ਆਖਿਰੀ ਅੱਖਰ ਨੂੰ ਲਾਂ (ਾਂ) ਲਾਉਣ ਨਾਲ ਇਕ-ਵਚਨ, ਬਹੁ-ਵਚਨ ਵਿਚ ਤਬਦੀਲ ਹੋ ਜਾਂਦਾ ਹੈ। ਜਿਵੇਂ :-

ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਘੋੜਾ	ਘੋੜੇ	ਗੱਡਾ	ਗੱਡੇ	ਰੀਢਾ	ਰੀਢੇ
ਬੱਕਰਾ	ਬੱਕਰੇ	ਗੋਰਾ	ਗੋਰੇ	ਗੱਦਾ	ਗੱਦੇ
ਟੋਟਾ	ਟੋਟੇ	ਮੰਜਾ	ਮੰਜੇ	ਰੀਦਾ	ਰੀਦੇ
ਵੱਡਾ	ਵੱਡੇ	ਤਾਲਾ	ਤਾਲੇ	ਬੋਤਾ	ਬੋਤੇ
ਸੋਟਾ	ਸੋਟੇ	ਚੂਚਾ	ਚੂਚੇ	ਜਿਹੜਾ	ਜਿਹੜੇ
ਡੰਡਾ	ਡੰਡੇ	ਰਾਜਾ	ਰਾਜੇ	ਸ਼ੀਸ਼ਾ	ਸ਼ੀਸ਼ੇ
ਪੈਸਾ	ਪੈਸੇ	ਟੋਆ	ਟੋਏ	ਪੰਜਾ	ਪੰਜੇ
ਪਿਆਰਾ	ਪਿਆਰੇ	ਚਿੱਟਾ	ਚਿੱਟੇ	ਮੁੰਡਾ	ਮੁੰਡੇ
ਤੋਤਾ	ਤੋਤੇ	ਝੋਟਾ	ਝੋਟੇ	ਬਟੇਰਾ	ਬਟੇਰੇ

ਸੰਢਾ	ਸੰਢੇ	ਜਿਹੜਾ	ਜਿਹੜੇ	ਕਿਹੜਾ	ਕਿਹੜੇ
ਨਿੱਕਾ	ਨਿੱਕੇ	ਤੇਰਾ	ਤੇਰੇ	ਮੇਰਾ	ਮੇਰੇ
ਵਾਜਾ	ਵਾਜੇ	ਬਾਬਾ	ਬਾਬੇ	ਭਾਲਾ	ਭਾਲੇ

ਉਪਰੋਕਤ ਚਰਚਾਂ ਤੋਂ ਬਾਅਦ ਵਿਦਿਆਰਥੀਆਂ ਨੂੰ ਇਸ ਗੱਲ ਦਾ ਪਤਾ ਹੋਣਾ ਬਹੁਤ ਜ਼ਰੂਰੀ ਹੈ ਕਿ ਇਹਨਾਂ ਨੇਮਾਂ ਦੀ ਉਲੰਘਣਾ ਨਾ ਕੀਤੀ ਜਾਵੇ ਬਲਕਿ ਪੂਰੇ ਧਿਆਨ ਨਾਲ ਪਾਲਣਾ ਕੀਤੀ ਜਾਵੇ। ਪਰ ਇਥੇ ਇਹ ਗੱਲ ਧਿਆਨਯੋਗ ਹੈ ਕਿ ਬਹੁਤ ਸਾਰੇ ਅਜਿਹੇ ਪੁਲਿੰਗ ਹਨ, ਜਿਹਨਾਂ ਦੇ ਅੰਤ ਵਿਚ ਤਾਂ ਕੰਨਾ ਹੁੰਦਾ ਹੈ ਪਰ ਉਹਨਾਂ ਸ਼ਬਦਾਂ ਦੇ ਬਹੁ-ਵਚਨ ਬਣਾਉਣ ਲੱਗਿਆਂ ਸ਼ਬਦਾਂ ਦੇ ਰੂਪ 'ਚ ਕੋਈ ਫੇਰਬਦਲ ਨਹੀਂ ਕੀਤਾ ਜਾ ਸਕਦਾ। ਮਿਸਾਲ ਦੇ ਤੌਰ 'ਤੇ ਪਿਤਾ, ਭਰਾ, ਆਤਮਾ ਆਦਿ ਇਕ ਵਚਨ ਦਾ ਬਹੁ-ਵਚਨ ਵੀ ਪਿਤਾ, ਭਰਾ ਤੇ ਆਤਮਾ ਹੀ ਲਿਖਿਆ ਜਾਂਦਾ ਹੈ। ਭਾਵੇਂ ਇਹ ਉਪਰੋਕਤ ਨੇਮ ਦੀ ਉਲੰਘਣਾ ਹੈ ਪਰ ਇਹਨਾਂ ਜ਼ਰੂਰੀ ਛੋਟਾਂ ਨੂੰ ਅਣਗੌਲਿਆ ਨਹੀਂ ਕਰ ਸਕਦੇ।

2. ਜਿਨ੍ਹਾਂ ਪੁਲਿੰਗ ਨਾਵਾਂ ਦੇ ਅਖੀਰ 'ਚ ਮੁਕਤਾ, ਬਿਹਾਰੀ ਜਾਂ ਦੁਲੈਂਕੜ ਹੋਵੇ, ਉਨ੍ਹਾਂ ਦਾ ਇਕ-ਵਚਨ ਤੇ ਬਹੁ-ਵਚਨ ਸਮਾਨ ਰਹਿੰਦਾ ਹੈ। ਜਿਵੇਂ - ਤੇਲੀ ਦਾ ਤੇਲੀ, ਸ਼ੇਰ ਦਾ ਸ਼ੇਰ, ਗਿੱਦੜ ਦਾ ਗਿੱਦੜ, ਸੰਦੂਕ ਦਾ ਸੰਦੂਕ, ਪੁੱਤਰ ਦਾ ਪੁੱਤਰ, ਹਿੰਦੂ ਦਾ ਹਿੰਦੂ ਹੀ ਰਹਿੰਦਾ ਹੈ। ਇਥੇ ਇਕ ਗੱਲ ਹੋਰ ਯਾਦ ਰੱਖਣ ਵਾਲੀ ਹੈ ਕਿ ਕੁਝ ਪੁਲਿੰਗ ਨਾਵਾਂ ਦੇ ਪਹਿਲਾਂ 'ਸਾਰੇ', 'ਕਈ' ਜਾਂ ਬਹੁ-ਵਚਨ ਗਿਣਤੀ ਲਾ ਕੇ ਬਹੁ-ਵਚਨ ਬਣਾਇਆ ਜਾਂਦਾ ਹੈ। ਜਿਵੇਂ - ਚਾਰ ਸ਼ੇਰ, ਦੋ ਗਿੱਦੜ, ਸਾਰੇ ਹਾਥੀ, ਕਈ ਪੁੱਤਰ ਆਦਿ। ਕਈ ਪੁਲਿੰਗ ਨਾਵਾਂ ਪਿੱਛੇ ਲੋਕ ਜਾਂ ਜਨ ਲਾ ਕੇ ਵੀ ਬਹੁ-ਵਚਨ ਬਣਾਇਆ ਜਾਂਦਾ ਹੈ। ਜਿਵੇਂ - ਗੁਰੂ ਤੋਂ ਗੁਰੂਜਨ, ਗਰੀਬ ਤੋਂ ਗਰੀਬ ਲੋਕ ਆਦਿ।

3. ਜੇਕਰ ਇਸਤਰੀ ਲਿੰਗ ਜਾਂ ਪੁਲਿੰਗ ਸ਼ਬਦਾਂ ਦੇ ਅਖੀਰ 'ਤੇ ਮੁਕਤਾ ਹੋਵੇ ਤਾਂ ਕੰਨੇ ਉੱਤੇ ਬਿੰਦੀ (ੰ) ਵਧਾ ਕੇ ਬਹੁ-ਵਚਨ ਬਣ ਜਾਂਦਾ ਹੈ। ਜਿਵੇਂ -

ਇਕ-ਵਚਨ	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*	*ਇਕ-ਵਚਨ*	*ਬਹੁ-ਵਚਨ*
ਗਜ	ਗਜਾਂ	ਰਾਹ	ਰਾਹਾਂ	ਐਨਕ	ਐਨਕਾਂ
ਪਲੇਟ	ਪਲੇਟਾਂ	ਸਲੇਟ	ਸਲੇਟਾਂ	ਕੰਪਿਊਟਰ	ਕੰਪਿਊਟਰਾਂ
ਦਵਾਤ	ਦਵਾਤਾਂ	ਗੁਜਰਾਤਣ	ਗੁਜਰਾਤਣਾਂ	ਦੁੱਖ	ਦੁੱਖਾਂ
ਪੁਸਤਕ	ਪੁਸਤਕਾਂ	ਗਰੀਬ	ਗਰੀਬਾਂ	ਕੱਖ	ਕੱਖਾਂ
ਗਲਾਸ	ਗਲਾਸਾਂ	ਅਮੀਰ	ਅਮੀਰਾਂ	ਵਾਕ	ਵਾਕਾਂ
ਮੇਜ	ਮੇਜਾਂ	ਲੱਤ	ਲੱਤਾਂ	ਜਾਤ	ਜਾਤਾਂ
ਬਜ਼ੁਰਗ	ਬਜ਼ੁਰਗਾਂ	ਮੇਖ	ਮੇਖਾਂ	ਸਾਂਗ	ਸਾਂਗਾਂ
ਕਾਰ	ਕਾਰਾਂ	ਨਸੀਬ	ਨਸੀਬਾਂ	ਇਨਸਾਨ	ਇਨਸਾਨਾਂ
ਕਲਮ	ਕਲਮਾਂ	ਇੱਲ	ਇੱਲਾਂ	ਖੇਤ	ਖੇਤਾਂ
ਸੜਕ	ਸੜਕਾਂ	ਬੰਦੂਕ	ਬੰਦੂਕਾਂ	ਗੱਡੀ	ਗੱਡੀਆਂ
ਵਸਤੂ	ਵਸਤੂਆਂ	ਧੀ	ਧੀਆਂ	ਰੂਹ	ਰੂਹਾਂ
ਫ਼ਿਲਮ	ਫ਼ਿਲਮਾਂ	ਜੂੰ	ਜੂੰਆਂ	ਕੰਧ	ਕੰਧਾਂ
ਪੰਜ	ਪੰਜਾਂ	ਭੂਤ	ਭੂਤਾਂ	ਤਾਰ	ਤਾਰਾਂ
ਸੇਜ	ਸੇਜਾਂ	ਬੀਜ	ਬੀਜਾਂ	ਸਵਾਤ	ਸਵਾਤਾਂ

4. ਜੇਕਰ ਇਸਤਰੀ-ਲਿੰਗ ਨਾਵ ਦੇ ਅਖੀਰ 'ਚ ਕੰਨਾ 'ਾ' ਜਾਂ ਕੰਨਾ ਬਿੰਦੀ (ੰ) ਲੱਗੀ ਹੋਵੇ ਤਾਂ 'ਵਾਂ' ਜਾਂ 'ਈਂ' ਵਧਾਉਣ ਨਾਲ ਬਹੁ-ਵਚਨ ਬਣਾਇਆ ਜਾਂਦਾ ਹੈ।

ਇਕ-ਵਚਨ	ਬਹੁ-ਵਚਨ	ਇਕ-ਵਚਨ	ਬਹੁ-ਵਚਨ	ਇਕ-ਵਚਨ	ਬਹੁ-ਵਚਨ
ਮਾਂ	ਮਾਵਾਂ	ਕਥਾ	ਕਥਾਵਾਂ	ਹਵਾ	ਹਵਾਵਾਂ/ਹਵਾਈ
ਦਵਾ	ਦਵਾਵਾਂ	ਕਵਿਤਾ	ਕਵਿਤਾਵਾਂ	ਬਲਾ	ਬਲਾਵਾਂ/ਬਲਾਈਂ
ਕਿਰਿਆ	ਕਿਰਿਆਵਾਂ	ਖਤਾ	ਖਤਾਵਾਂ	ਛਾਂ	ਛਾਵਾਂ
ਜੀ	ਜੀਆਂ	ਰੂੰ	ਰੂਆਂ	ਸਰਾਂ	ਸਰਾਵਾਂ

5. ਜੇਕਰ ਇਕ-ਵਚਨ ਇਸਤਰੀ ਲਿੰਗ ਤੇ ਪੁਲਿੰਗ ਨਾਂਵ ਦੇ ਅਖੀਰ 'ਚ 'ਹ' ਲੱਗਿਆ ਹੋਵੇ ਤਾਂ ਇਸ ਦੇ ਨਾਲ 'ਵਾਂ' ਵਧਾਉਣ ਨਾਲ ਬਹੁ-ਵਚਨ ਬਣਾ ਲਿਆ ਜਾਂਦਾ ਹੈ ਜਾਂ ਫਿਰ ਕੰਨਾ ਬਿੰਦੀ 'ਾਂ' ਲਗਾ ਕੇ ਬਹੁ-ਵਚਨ ਬਣਾਇਆ ਜਾਂਦਾ ਹੈ। ਜਿਵੇਂ - ਮਲਾਹ ਤੋਂ ਮਲਾਹਾਂ, ਰਾਹ ਤੋਂ ਰਾਹਵਾਂ ਜਾਂ ਰਾਹਾਂ, ਘਾਹ ਤੋਂ ਘਾਹਾਂ ਆਦਿ।

6. ਜੇਕਰ ਇਸਤਰੀ ਲਿੰਗ ਦੇ ਅਖੀਰ 'ਚ ਬਿਹਾਰੀ (ਿ), ਔਂਕੜ (ੁ), ਦੁਲੈਂਕੜ (ੂ), ਦੋਲਾਵਾਂ (ੈ) ਜਾਂ ਹੋੜਾ (ੋ) ਜਾਂ ਕਨੌੜਾ (ੌ) ਲੱਗਾ ਹੋਵੇ ਤਾਂ ਆਂ (ਾਂ) ਵਧਾ ਕੇ ਬਹੁ-ਵਚਨ ਬਣਾਇਆ ਜਾਂਦਾ ਹੈ। ਇਸ ਦੇ ਅਭਿਆਸ ਲਈ ਅਸੀਂ ਹੇਠ ਵੱਖ-ਵੱਖ ਉਦਾਹਰਨਾਂ ਰਾਹੀਂ ਇਨ੍ਹਾਂ ਨੇਮਾਂ ਨੂੰ ਦਰਸਾਉਣ ਦੀ ਕੋਸ਼ਿਸ਼ ਕਰਾਂਗੇ।

ਇਕ-ਵਚਨ	ਬਹੁ-ਵਚਨ	ਇਕ-ਵਚਨ	ਬਹੁ-ਵਚਨ	ਇਕ-ਵਚਨ	ਬਹੁ-ਵਚਨ
ਚੰਗੀ	ਚੰਗੀਆਂ	ਤੇਰੀ	ਤੇਰੀਆਂ	ਖਾਂਦੀ	ਖਾਂਦੀਆਂ
ਖੋਟੀ	ਖੋਟੀਆਂ	ਕਿਹੜੀ	ਕਿਹੜੀਆਂ	ਜਿਹੜੀ	ਜਿਹੜੀਆਂ
ਮੰਦੀ	ਮੰਦੀਆਂ	ਬੁਰੀ	ਬੁਰੀਆਂ	ਤਾਈ	ਤਾਈਆਂ
ਸੋਟੀ	ਸੋਟੀਆਂ	ਕੁਕੜੀ	ਕੁਕੜੀਆਂ	ਧੀ	ਧੀਆਂ
ਕੁੰਜੀ	ਕੁੰਜੀਆਂ	ਬਾਲਟੀ	ਬਾਲਟੀਆਂ	ਚਾਚੀ	ਚਾਚੀਆਂ
ਸਾਲੀ	ਸਾਲੀਆਂ	ਨਦੀ	ਨਦੀਆਂ	ਰੇੜ੍ਹੀ	ਰੇੜ੍ਹੀਆਂ
ਗੰਦੀ	ਗੰਦੀਆਂ	ਖਾਂਦੀ	ਖਾਂਦੀਆਂ	ਕੁੜੀ	ਕੁੜੀਆਂ
ਨਾਨੀ	ਨਾਨੀਆਂ	ਦਾਦੀ	ਦਾਦੀਆਂ	ਰੂੰ	ਰੂੰਆਂ
ਬੋਤੀ	ਬੋਤੀਆਂ	ਤੇਰੀ	ਤੇਰੀਆਂ	ਦੀ	ਦੀਆਂ
ਸਹੁੰ	ਸਹੁੰਆਂ	ਵਿਹੁ	ਵਿਹੁਆਂ	ਚਾਕੂ	ਚਾਕੂਆਂ
ਗਊ	ਗਊਆਂ	ਬਹੂ	ਬਹੂਆਂ	ਵਸਤੂ	ਵਸਤੂਆਂ
ਲਾਟੂ	ਲਾਟੂਆਂ	ਲੂ	ਲੂੰਆਂ	ਨਹੁੰ	ਨਹੁੰਆਂ
ਕਚਾਲੂ	ਕਚਾਲੂਆਂ	ਭਾਲੂ	ਭਾਲੂਆਂ	ਕੈ	ਕੈਆਂ
ਸ਼ੈਅ	ਸ਼ੈਆਂ	ਖ਼ੁਸ਼ਬੋ	ਖ਼ੁਸ਼ਬੋਆਂ	ਰੌ	ਰੌਆਂ
ਬਦਬੋ	ਬਦਬੋਆਂ	ਲੋ	ਲੋਆਂ	ਕਨਸੋ	ਕਨਸੋਆਂ
ਭੋ	ਭੋਆਂ	ਨਾਲੀ	ਨਾਲੀਆਂ	ਜੂੰ	ਜੂੰਆਂ
ਸ਼ੇਰਨੀ	ਸ਼ੇਰਨੀਆਂ	ਮੋਰਨੀ	ਮੋਰਨੀਆਂ	ਭੀਲਣੀ	ਭੀਲਣੀਆਂ
ਭੱਟਣੀ	ਭੱਟਣੀਆਂ	ਜਮਾਦਾਰਨੀ	ਜਮਾਦਾਰਨੀਆਂ	ਘੋੜੀ	ਘੋੜੀਆਂ
ਢੋਲਕੀ	ਢੋਲਕੀਆਂ	ਪੱਖੀ	ਪੱਖੀਆਂ	ਵੱਛੀ	ਵੱਛੀਆਂ
ਸੂਤੜੀ	ਸੂਤੜੀਆਂ	ਭੁੱਖੀ	ਭੁੱਖੀਆਂ	ਦੇਵੀ	ਦੇਵੀਆਂ
ਸੁਨਿਆਰੀ	ਸੁਨਿਆਰੀਆਂ	ਕੁੱਤੀ	ਕੁੱਤੀਆਂ	ਟੋਲੀ	ਟੋਲੀਆਂ

ਗੋਲੀ	ਗੋਲੀਆਂ	ਸ਼ਾਹਣੀ	ਸ਼ਾਹਣੀਆਂ	ਰਾਣੀ	ਰਾਣੀਆਂ
ਗੋਰੀ	ਗੋਰੀਆਂ	ਵੱਡੀ	ਵੱਡੀਆਂ	ਮੰਜੀ	ਮੰਜੀਆਂ
ਕੰਘੀ	ਕੰਘੀਆਂ	ਮੱਖੀ	ਮੱਖੀਆਂ	ਛੁਰੀ	ਛੁਰੀਆਂ
ਗੱਡੀ	ਗੱਡੀਆਂ	ਪੋਥੀ	ਪੋਥੀਆਂ	ਥਾਲੀ	ਥਾਲੀਆਂ
ਹੌਲੀ	ਹੌਲੀਆਂ	ਚੰਗੀ	ਚੰਗੀਆਂ	ਖੋਤੀ	ਖੋਤੀਆਂ
ਰੋਟੀ	ਰੋਟੀਆਂ	ਸਾਡੀ	ਸਾਡੀਆਂ	ਹਸਦੀ	ਹੱਸਦੀਆਂ
ਨੀਲੀ	ਨੀਲੀਆਂ	ਛੁੱਟੀ	ਛੁੱਟੀਆਂ	ਰੋਂਦੀ	ਰੋਂਦੀਆਂ

7. ਪਿਆਰੇ ਵਿਦਿਆਰਥੀਓ, ਇਕ-ਵਚਨ ਤੋਂ ਬਹੁ-ਵਚਨ ਬਣਾਉਣ ਲੱਗਿਆਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਜੇਕਰ ਇਕ-ਵਚਨ ਨਾਂਵ ਤੋਂ ਪਹਿਲਾਂ ਸ੍ਰੀਮਾਨ, ਸ੍ਰੀਮਤੀ ਮਹਾਰਾਜ ਵਰਗੇ ਸਤਿਕਾਰਯੋਗ ਸ਼ਬਦ ਲੱਗੇ ਹੋਣ ਤਾਂ ਇਕ-ਵਚਨ ਨਾਂਵ ਵੀ ਬਹੁ-ਵਚਨ ਬਣਾਏ ਜਾ ਸਕਦੇ ਹਨ। ਇਸ ਤੋਂ ਇਲਾਵਾ ਜੇਕਰ ਇਕ-ਵਚਨ ਨਾਂਵ ਦੇ ਬਾਅਦ ਹੁਰੀਂ ਜਾਂ ਸਾਹਿਬ ਵਰਗੇ ਸ਼ਬਦ ਪੂਰੇ ਆਦਰ ਸਹਿਤ ਵਰਤੇ ਗਏ ਹੋਣ ਤਾਂ ਵੀ ਇਕ-ਵਚਨ ਤੋਂ ਨਾਂਵ ਬਹੁ-ਵਚਨ ਬਣਾਏ ਜਾਂਦੇ ਹਨ। ਜਿਵੇਂ - 1. ਕੱਲ ਸ੍ਰੀਮਾਨ ਹੁਕਮ ਚੰਦ ਮੁੰਬਈ ਜਾ ਰਹੇ ਹਨ। 2. ਕਪਤਾਨ ਸਾਹਿਬ ਇਲਾਕੇ ਦਾ ਦੌਰਾ ਕਰਨਗੇ। 3. ਸਾਡੇ ਮੁੱਖ ਮੰਤਰੀ ਹੁਰੀਂ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਹਨ। 4. ਮਹਾਰਾਜ ਤੀਰਥ ਰਾਮ ਜੀ ਦੇ ਪ੍ਰਵਚਨ ਬਹੁਤ ਮੁੱਲਵਾਨ ਹੁੰਦੇ ਹਨ।

8. ਇਕ-ਵਚਨ ਤੋਂ ਬਹੁ-ਵਚਨ ਬਣਾਉਣ ਲੱਗਿਆਂ ਇਸ ਗੱਲ ਦਾ ਵੀ ਧਿਆਨ ਰੱਖ ਲੈਣਾ ਚਾਹੀਦਾ ਹੈ ਕਿ ਜੇਕਰ ਕਿਸੇ ਦਾ ਸਤਿਕਾਰ ਕਰਨਾ ਹੋਵੇ, ਭਾਸ਼ਣ ਦੇਣਾ ਹੋਵੇ ਜਾਂ ਫਿਰ ਕੋਈ ਲੇਖ ਲਿਖਣਾ ਹੋਵੇ ਤਾਂ ਇਕ-ਵਚਨ ਦੀ ਥਾਂ ਬਹੁ-ਵਚਨ ਦੀ ਵਰਤੋਂ ਕੀਤੀ ਜਾਂਦੀ ਹੈ। ਮਿਸਾਲ ਦੇ ਤੌਰ 'ਤੇ ਜੇਕਰ ਅਸੀਂ ਕਾਲਜ ਦੇ ਪ੍ਰਿੰਸੀਪਲ ਬਾਰੇ ਗੱਲ ਕਰ ਰਹੇ ਹਾਂ ਤਾਂ ਸਾਨੂੰ ਇਸ ਗੱਲ ਬਾਰੇ ਪੂਰੀ ਤਰ੍ਹਾਂ ਸੁਚੇਤ ਰਹਿਣ ਦੀ ਲੋੜ ਹੈ ਕਿ ਅਸੀਂ ਪ੍ਰਿੰਸੀਪਲ ਦੇ ਨਾਲ ਸਾਹਿਬ ਲਗਾ ਕੇ ਉਹਨਾਂ ਨੂੰ ਪੂਰੇ ਆਦਰ ਸਨਮਾਨ ਨਾਲ ਸੰਬੋਧਨ ਕਰੀਏ। ਜਿਵੇਂ - 1. ਪ੍ਰਿੰਸੀਪਲ ਸਾਹਿਬ ਮੀਟਿੰਗ ਵਿਚ ਹਿੱਸਾ ਲੈ ਰਹੇ ਹਨ। 2. ਸਾਡੇ ਵਿਧਾਇਕ ਸਾਹਿਬ ਲੋਕ ਸੇਵਾ ਵਿਚ ਰੁੱਝੇ ਹੋਏ ਹਨ। 3. ਮੇਰੇ ਪਿਤਾ ਜੀ ਬਹੁਤ ਹੀ ਨੇਕ ਇਨਸਾਨ ਹਨ।

ਜੇਕਰ ਅਸੀਂ ਕੋਈ ਭਾਸ਼ਣ ਦੀ ਸ਼ੁਰੂਆਤ ਕਰ ਰਹੇ ਹਾਂ ਤਾਂ ਅਸੀਂ ਉਸ ਭਾਸ਼ਣ ਦੀ ਸ਼ੁਰੂਆਤ ਸਨਮਾਨਜਨਕ ਢੰਗ ਨਾਲ ਕਰਦੇ ਹਾਂ। ਫਰਜ਼ ਕਰੋ, ਕਾਲਜ ਦੀ ਯੂਨੀਅਨ ਦਾ ਪ੍ਰਧਾਨ ਕੋਈ ਭਾਸ਼ਣ ਦੇ ਰਿਹਾ ਹੈ ਤਾਂ ਉਸ ਆਪਣਾ ਸੰਬੋਧਨ ਇਸ ਤਰ੍ਹਾਂ ਸ਼ੁਰੂ ਕਰੇਗਾ - ਅਸੀਂ ਆਪਣੀ ਆਵਾਜ਼ ਬੋਲੇ ਪ੍ਰਸ਼ਾਸਨ ਦੇ ਕੰਨਾਂ ਤੱਕ ਪਹੁੰਚਾਉਣੀ ਚਾਹੁੰਦੇ ਹਾਂ। ਜੇਕਰ ਕੋਈ ਲੇਖ ਆਦਿ ਲਿਖਣਾ ਹੋਵੇ ਤਾਂ ਇਸ ਵਿਚ ਵੀ ਬਹੁ-ਵਚਨ ਦੀ ਵਰਤੋਂ ਕੀਤੀ ਜਾਂਦੀ ਹੈ। ਕਿਸੇ ਅਖ਼ਬਾਰ ਆਦਿ 'ਚ ਕੋਈ ਲੇਖ ਲਿਖਣ ਸਮੇਂ ਉਸ ਦੀ ਲੜੀ ਜੋੜਨ ਲਈ ਅਸੀਂ ਲਿਖ ਸਕਦੇ ਹਾਂ, "ਪਿਛਲੇ ਲੇਖ ਵਿਚ ਅਸੀਂ ਦੇਸ਼ ਦੀ ਅੰਦਰੂਨੀ ਸੁਰੱਖਿਆ ਬਾਰੇ ਗੱਲ ਕੀਤੀ ਸੀ। ਇਸ ਲੇਖ ਵਿਚ ਅਸੀਂ ਸੁਰੱਖਿਆ ਦੇ ਕੁਝ ਮਿਆਰਾਂ ਬਾਰੇ ਚਰਚਾ ਕਰਾਂਗੇ। ਇਸ ਲਈ ਇਸ ਲੇਖ ਦੀ ਲੜੀ ਜੋੜਨ ਲਈ ਤੁਸੀਂ ਪਿਛਲੇ ਹਫ਼ਤੇ ਦੇ ਅਖ਼ਬਾਰ 'ਚ ਛਪਿਆ ਲੇਖ ਪੜ੍ਹੋ।

ਇਸੇ ਤਰ੍ਹਾਂ ਦੇ ਇਕ ਹੋਰ ਨੇਮ ਅਨੁਸਾਰ ਜੇਕਰ ਕਿਸੇ ਨੂੰ ਆਦਰ-ਸਤਿਕਾਰ ਦੇਣਾ ਹੋਵੇ ਤਾਂ ਜਿਹਨਾਂ ਇਕ-ਵਚਨ ਪੁਲਿੰਗ ਨਾਂਵ ਦੇ ਅਖੀਰ 'ਚ ਕੰਨਾ (ਾ) ਲੱਗਿਆ ਹੋਵੇ ਤਾਂ ਇਸ ਨਾਲ ਬਹੁ-ਵਚਨ ਦੀ ਕਿਰਿਆ ਲਾ ਦਿੱਤੀ ਜਾਂਦੀ ਹੈ ਪਰ ਉਸ ਸ਼ਬਦ ਦਾ ਰੂਪ ਇਕ-ਵਚਨ ਹੀ ਰਹਿੰਦਾ ਹੈ। ਅਜਿਹੇ ਇਕ-ਵਚਨ ਨਾਂਵ ਦੇ ਪਿੱਛੇ ਆਮ ਤੌਰ 'ਤੇ 'ਜੀਂ' ਲਗਾ ਦਿੱਤਾ ਜਾਂਦਾ ਹੈ। ਜਿਵੇਂ - 1. ਕਾਕਾ ਜੀ ਰੋ ਰਹੇ ਹਨ। 2. ਪਿਤਾ ਜੀ ਜਾ ਚੁੱਕੇ ਹਨ। 3. ਦਾਦਾ ਜੀ ਨਹਾ ਰਹੇ ਹਨ।

9. ਕਈ ਸ਼ਬਦਾਂ ਦਾ ਇਕ-ਵਚਨ ਨਹੀਂ ਹੁੰਦਾ ਕਿਉਂਕਿ ਉਹ ਹਮੇਸ਼ਾ ਬਹੁ-ਵਚਨ ਸ਼ਬਦਾਂ ਦੇ ਤੌਰ 'ਤੇ ਹੀ ਵਰਤੇ ਜਾਂਦੇ ਹਨ। ਜਿਵੇਂ ਦਾਦਕੇ, ਸਹੁਰੇ, ਨਾਨਕੇ, ਪੇਕੇ, ਮਾਪੇ, ਲੋਕ ਆਦਿ।

ਕਾਰਕ

ਕਾਰਕ ਦਾ ਅਰਥ ਹੈ 'ਕਿਰਿਆ ਨੂੰ ਕਰਨ ਵਾਲਾਂ'। ਇਸ ਨੂੰ ਜੇਕਰ ਅਸੀਂ ਅੱਗੋਂ ਹੋਰ ਖੋਲ੍ਹ ਕੇ ਸਮਝਣ ਦਾ ਜਤਨ ਕਰੀਏ ਤਾਂ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵਾਕ ਵਿਚ ਨਾਂਵ ਜਾਂ ਪੜਨਾਂਵ ਦੇ ਕਿਰਿਆ ਨਾਲ ਜਾਂ ਹੋਰ ਸ਼ਬਦਾਂ ਨਾਲ

ਸੰਬੰਧ ਦਾ ਨਾਂ ਕਾਰਕ ਹੈ। ਭਾਵ ਕਿਸੇ ਨਾਂਵ ਜਾਂ ਪੜਨਾਂਵ ਨੂੰ ਹੋਰਨਾਂ ਸ਼ਬਦਾਂ ਨਾਲ ਜੋੜਨ ਵਾਲੇ ਰੂਪਾਂ ਨੂੰ ਕਾਰਕ ਕਿਹਾ ਜਾਂਦਾ ਹੈ। ਇਹ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਜਾਪਦੀ ਹੈ ਕਿ ਹਰੇਕ ਨਾਂਵ ਜਾਂ ਪੜਨਾਂਵ, ਵਾਕ ਵਿਚ ਜਾਂ ਕਿਰਿਆ ਦਾ ਕਰਤਾ ਬਣਦਾ ਹੈ ਜਾਂ ਕਰਮ। ਉਹ ਕਿਸੇ ਨਾਂਵ ਜਾਂ ਦੂਜੇ ਪੜਨਾਂਵ ਦੀ ਸਹਾਇਤਾ ਕਰਦਾ ਹੈ। ਨਾਂਵ ਜਾਂ ਪੜਨਾਂਵ ਦੇ ਜਿਸ ਰੂਪ ਨਾਲ ਉਸਦਾ ਸੰਬੰਧ ਵਾਕ ਦੇ ਹੋਰਨਾਂ ਸ਼ਬਦਾਂ ਨਾਲ ਜਾਣਿਆ ਜਾਂਦਾ ਹੈ, ਉਸ ਨੂੰ ਕਾਰਕ ਆਖਦੇ ਹਨ। ਕਾਰਕ ਦੀ ਵਜ੍ਹਾ ਨਾਲ ਨਾਵਾਂ ਅਤੇ ਪੜਨਾਵਾਂ ਦੇ ਰੂਪ 'ਚ ਪਰਿਵਰਤਨ ਆਉਂਦਾ ਹੈ। ਪੰਜਾਬੀ ਵਿਚ ਕਾਰਕ ਅੱਠ ਪ੍ਰਕਾਰ ਦੇ ਹੁੰਦੇ ਹਨ।

1. ਕਰਤਾ ਕਾਰਕ
2. ਕਰਮ ਕਾਰਕ
3. ਕਰਣ ਕਾਰਕ
4. ਸੰਪਰਦਾਨ ਕਾਰਕ
5. ਅਪਾਦਾਨ ਕਾਰਕ
6. ਸੰਬੰਧ ਕਾਰਕ
7. ਅਧਿਕਰਣ ਕਾਰਕ
8. ਸੰਬੋਧਨ ਕਾਰਕ

ਹੁਣ ਅਸੀ ਇਹਨਾਂ ਕਾਰਕਾਂ ਦਾ ਵੇਰਵੇ ਸਹਿਤ ਅਧਿਐਨ ਕਰਾਂਗੇ।

1. ਕਰਤਾ ਕਾਰਕ :- ਕਿਸੇ ਕੰਮ ਨੂੰ ਕਰਨ ਵਾਲੇ ਨੂੰ ਪ੍ਰਗਟਾਉਣ ਵਾਲੇ ਨਾਂਵ ਜਾਂ ਪੜਨਾਂਵ ਨੂੰ ਕਾਰਕ ਕਿਹਾ ਜਾਂਦਾ ਹੈ। ਜਿਵੇਂ ਮੁਨੀਸ਼ ਨੇ ਕੁੰਡੀ ਲਗਾ ਦਿੱਤੀ ਹੈ। ਇਥੇ ਮੁਨੀਸ਼ ਕਰਤਾ ਕਾਰਕ ਹੈ। ਇਸ ਦਾ ਚਿਹਨ 'ਨੇ' ਹੈ ਜੋ ਮੁਨੀਸ਼ ਕਰਤਾ ਵੱਲ ਇਸ਼ਾਰਾ ਕਰਦਾ ਹੈ। ਇਸ ਨੂੰ ਇਕ ਹੋਰ ਉਦਾਹਰਨ ਰਾਹੀਂ ਸਮਝ ਸਕਦੇ ਹਾਂ। ਜਿਵੇਂ :-

ਸੁਸ਼ੀਲ ਰੋਟੀ ਖਾਂਦਾ ਹੈ।

ਉਸ ਨੇ ਰੋਟੀ ਖਾਧੀ।

ਉਪਰੋਕਤ ਉਦਾਹਰਨ ਨੂੰ ਧਿਆਨ ਨਾਲ ਦੇਖੀਏ ਤਾਂ ਇਸ ਵਿਚ ਕੰਮ ਕਰਨ ਵਾਲੇ 'ਸੁਸ਼ੀਲ' ਅਤੇ 'ਉਸ ਨੇ' ਹਨ। ਇਹਨਾਂ ਨੂੰ ਕਰਤਾ ਕਾਰਕ ਆਖਿਆ ਜਾਂਦਾ ਹੈ। ਧਿਆਨ ਰਹੇ ਕਿ ਪਹਿਲੇ ਵਾਕ 'ਚ ਕਰਤਾ ਕਾਰਕ ਸੁਸ਼ੀਲ ਨਾਲ ਕੋਈ ਸੰਬੰਧਕ ਮੌਜੂਦ ਨਹੀਂ ਹੈ। ਸੋ ਇਸ ਦਾ ਕੋਈ ਕਾਰਕ ਚਿਹਨ ਨਹੀਂ ਹੈ। ਪਰ ਦੂਜੇ ਵਾਕ ਉੱਪਰ ਝਾਤ ਮਾਰਿਆਂ ਇਹ ਗੱਲ ਸਹਿਜੇ ਹੀ ਸਾਹਮਣੇ ਆ ਜਾਂਦੀ ਹੈ ਕਿ 'ਉਸ' ਨਾਲ 'ਨੇ' ਸੰਬੰਧਕ ਲੱਗਿਆ ਹੋਇਆ ਹੈ। ਜੋ ਇਕ ਕਾਰਕ ਚਿਹਨ ਹੈ। ਇਸੇ ਤਰ੍ਹਾਂ ਅਸੀ ਕੁਝ ਹੋਰ ਵਾਕ ਦੇਖ ਸਕਦੇ ਹਾਂ। ਜਿਵੇਂ :-

1. ਗੌਰੀ ਸਕੂਲ ਜਾਂਦੀ ਹੈ। (ਸਾਧਾਰਨ ਰੂਪ) ਵਿਚ 'ਗੌਰੀ'।
2. ਗੁਲਸ਼ਨ ਨੇ ਪੁਸਤਕ ਪੜੀ। ('ਨੇ' ਸੰਬੰਧਕ ਨਾਲ) ਵਿਚ 'ਗੁਲਸ਼ਨ'।
3. ਉਸ ਨੇ ਦੁੱਧ ਪੀਤਾ। ('ਨੇ' ਸੰਬੰਧਕ ਨਾਲ) ਵਿਚ 'ਉਸ'।
4. ਚਪੜਾਸੀ ਨੇ ਘੰਟੀ ਵਜਾਈ। ('ਨੇ' ਸੰਬੰਧਕ ਨਾਲ) ਵਿਚ 'ਚਪੜਾਸੀ'।
5. ਹਰੀਸ਼ ਨੇ ਯਾਤਰਾ ਕੀਤੀ। ('ਨੇ' ਸੰਬੰਧਕ ਨਾਲ) ਵਿਚ 'ਚਪੜਾਸੀ'।

ਪਛਾਣ :- 'ਕਰਤਾ ਕਾਰਕ' ਨੂੰ ਸਮਝਣ ਲਈ ਵਾਕ ਵਿਚ ਇਸ ਦੀ ਪਛਾਣ ਕਰਨ ਨਾਲ ਵੀ ਮਦਦ ਮਿਲ ਸਕਦੀ ਹੈ। ਕਰਤਾ ਕਾਰਕ ਨੂੰ ਲੱਭਣ ਵਾਸਤੇ ਸਾਨੂੰ ਕਿਰਿਆ ਨਾਲ 'ਕੌਣ' ਜਾਂ 'ਕਿਸਨੇ' ਲਾ ਕੇ ਸੁਆਲ ਕਰਨਾ ਚਾਹੀਦਾ ਹੈ। ਇਸ ਦੇ ਸੁਆਲ 'ਚ ਸਾਨੂੰ ਕਰਤਾ ਕਾਰਕ ਦਾ ਪਤਾ ਲੱਗ ਜਾਏਗਾ।

ਸੁਆਲ	ਜੁਆਬ
ਕੌਣ ਸਕੂਲ ਜਾਂਦਾ ਹੈ ?	ਗੌਰੀ
ਕਿਸ ਨੇ ਪੁਸਤਕ ਪੜੀ ?	ਗੁਲਸ਼ਨ
ਕਿਸ ਨੇ ਦੁੱਧ ਪੀਤਾ ?	ਉਸ ਨੇ
ਕਿਸ ਨੇ ਘੰਟੀ ਵਜਾਈ ?	ਚਪੜਾਸੀ

ਕਿਸ ਨੇ ਯਾਤਰਾ ਕੀਤੀ ? ਹਰੀਸ਼

2. ਕਰਮ ਕਾਰਕ :- ਕਿਸੇ ਕਿਰਿਆ ਦੇ ਨਾਂਵ ਜਾਂ ਪੜਨਾਂਵ ਉੱਪਰ ਪੈਣ ਵਾਲੇ ਪ੍ਰਭਾਵ ਨੂੰ ਕਰਮ ਕਾਰਕ ਕਿਹਾ ਜਾਂਦਾ ਹੈ। ਅਰਥਾਤ ਸ਼ਬਦ ਜੋ ਨਾਂਵ ਜਾਂ ਪੜਨਾਂਵ ਉੱਪਰ ਹੋ ਰਹੇ ਕੰਮ ਨੂੰ ਪ੍ਰਗਟ ਕਰਦੇ ਹਨ, ਨੂੰ ਕਰਮ ਕਾਰਕ ਆਖਿਆ ਜਾਂਦਾ ਹੈ। ਜਿਵੇਂ :-

1. ਕੁਲਦੀਪ ਪੁਸਤਕ ਪੜ੍ਹ ਰਿਹਾ ਹੈ।
2. ਆਸ਼ਾ ਵਾਜਾ ਵਜਾ ਰਹੀ ਹੈ।
3. ਰਾਜੇਸ਼ ਵਾਲੀਬਾਲ ਖੇਡ ਰਿਹਾ ਹੈ।

ਉਪਰੋਕਤ ਵਾਕਾਂ ਵਿਚ ਪੁਸਤਕ, ਵਾਜਾ ਅਤੇ ਵਾਲੀਬਾਲ ਕਰਮ ਹਨ। ਇਹ ਤਿੰਨੇ ਕਿਰਿਆ ਦੇ ਆਧਾਰ ਹਨ। ਕੀ ਪੜ੍ਹੀ ਜਾ ਰਹੀ ਹੈ ? ਪੁਸਤਕ, ਕੀ ਵਜਾਇਆ ਜਾ ਰਿਹਾ ਹੈ ? ਵਾਜਾ। ਕੀ ਖੇਡਿਆ ਜਾ ਰਿਹਾ ਹੈ, ਵਾਲੀਬਾਲ। ਸੋ ਇਹ ਤਿੰਨ ਕਰਮ ਕਾਰਕ ਹਨ। ਇਸੇ ਤਰ੍ਹਾਂ ਕੁਝ ਹੋਰ ਵਾਕ ਵੇਖੇ ਜਾ ਸਕਦੇ ਹਨ, ਕਿਉਂਕਿ ਕਰਮ ਉਹ ਨਾਂਵ ਜਾਂ ਪੜਨਾਂਵ ਹੁੰਦਾ ਹੈ, ਜਿਸ ਉੱਤੇ ਕਿਸੇ ਕਿਰਿਆ ਦਾ ਕੰਮ ਹੁੰਦਾ ਹੈ। ਇਹ ਕਾਰਕ ਜਾਂ ਤਾਂ ਨਾਂਵ ਜਾਂ ਪੜਨਾਂਵ ਦੇ ਸਾਧਾਰਨ ਰੂਪ ਨਾਲ ਪ੍ਰਗਟ ਹੁੰਦਾ ਹੈ ਤੇ ਜਾਂ ਫਿਰ ਉਸ ਨਾਲ ਸੰਬੰਧਕ ਲਾ ਕੇ ਪ੍ਰਗਟਾਉਣ ਨਾਲ ਕਰਮ ਕਾਰਕ ਦਾ ਪਤਾ ਲੱਗਦਾ ਹੈ। ਜਿਵੇਂ :-

1. ਸ਼ੀਲਾ ਨੇ ਪਾਠ ਪੜ੍ਹਿਆ। (ਸਾਧਾਰਨ ਰੂਪ) ਇਸ ਵਿਚ ਦੁੱਧ ਕਰਮ ਕਾਰਕ ਹੈ।
2. ਕੁੜੀ ਨੂੰ ਦੁੱਧ ਦਿਉ। (ਨੂੰ ਸੰਬੰਧਕ ਰੂਪ ਨਾਲ ਤੇ ਸਾਧਾਰਨ ਰੂਪ) ਵਿਚ ਕੁੜੀ ਤੇ ਦੁੱਧ।
3. ਕੁੜੀ ਨੇ ਰੋਟੀ ਖਾਧੀ। (ਸਾਧਾਰਨ ਰੂਪ) ਵਿਚ ਰੋਟੀ।

ਉਪਰੋਕਤ ਵਾਕਾਂ 'ਚ ਜਦੋਂ ਅਸੀਂ ਕਿਰਿਆ ਨਾਲ 'ਕੀ' ਜਾਂ 'ਕਿਸ ਨੂੰ' ਲਗਾ ਕੇ ਸੁਆਲ ਕਰਾਂਗੇ ਤਾਂ ਉਸ ਦੇ ਉੱਤਰ ਦੇ ਰੂਪ 'ਚ ਸਾਨੂੰ ਕਰਮ ਕਾਰਕ ਦੀ ਤਲਾਸ਼ ਕਰਨ 'ਚ ਮਦਦ ਮਿਲੇਗੀ। ਜਿਵੇਂ :-

1. ਸ਼ੀਲਾ ਨੇ ਕੀ ਪੜ੍ਹਿਆ ? (ਪਾਠ)
2. ਕਿਸ ਨੂੰ ਦਿਉ ? (ਕੁੜੀ ਨੂੰ) ਕੀ ਦਿਉ ? (ਦੁੱਧ)
3. ਕੁੜੀ ਨੇ ਕੀ ਖਾਧਾ ? (ਰੋਟੀ)

3. ਕਰਣ ਕਾਰਕ :- ਕਰਣ ਦਾ ਅਰਥ ਹੈ - ਸਾਧਨ। ਨਾਂਵ ਜਾਂ ਪੜਨਾਂਵ ਦੇ ਜਿਸ ਰੂਪ ਦੀ ਸਹਾਇਤਾ ਨਾਲ ਕੋਈ ਕਿਰਿਆ ਸੰਪੰਨ ਹੁੰਦੀ ਹੈ, ਉਸ ਨੂੰ ਕਰਣ ਕਾਰਕ ਕਹਿੰਦੇ ਹਨ। ਇਸ ਦੀਆਂ ਹੇਠਾਂ ਕੁਝ ਉਦਾਹਰਨਾਂ ਦੇ ਕੇ ਇਸ ਦਾ ਅਭਿਆਸ ਕਰਾਂਗੇ।

1. ਉਸ ਨੇ ਪੈਨਸਿਲ ਨਾਲ ਚਿੱਤਰ ਬਣਾਇਆ।
2. ਉਸ ਨੂੰ ਚਿੱਠੀ ਦੁਆਰਾ ਸੂਚਿਤ ਕਰ ਦਿੱਤਾ ਗਿਆ ਹੈ।
3. ਅਸੀਂ ਦਾਲ ਨਾਲ ਰੋਟੀ ਖਾਂਦੇ ਹਾਂ।
4. ਮੈਂ ਕਾਰ ਰਾਹੀਂ ਕਾਲਜ ਜਾਂਦਾ ਹਾਂ।
5. ਮੋਹਨ ਰਾਹੀਂ ਤੁਹਾਨੂੰ ਸੁਨੇਹਾ ਭੇਜਿਆ ਗਿਆ ਹੈ।
6. ਸਭ ਲੋਕ ਅੱਖਾਂ ਨਾਲ ਵੇਖਦੇ ਹਨ।
7. ਉਸਨੇ ਚਾਕੂ ਨਾਲ ਖੀਰਾ ਕੱਟਿਆ।

ਉਪਰੋਕਤ ਵਾਕਾਂ ਵਿਚ ਕਰਣ ਕਾਰਕ ਦੀ ਤਲਾਸ਼ ਕਰਦਿਆਂ ਅਸੀਂ ਕਹਿ ਸਕਦੇ ਹਾਂ ਕਿ ਪਹਿਲੇ ਵਾਕ 'ਚ ਚਿੱਤਰ ਕਿਸ ਨਾਲ ਬਣਾਇਆ ਗਿਆ ਹੈ ? (ਪੈਨਸਿਲ ਨਾਲ)। ਦੂਜੇ ਵਾਕ 'ਚ ਕਿਸ ਦੁਆਰਾ ਸੂਚਨਾ ਦਿੱਤੀ ਗਈ ਹੈ ? (ਚਿੱਠੀ ਨਾਲ)। ਤੀਜੇ ਵਾਕ 'ਚ ਕਿਸ ਨਾਲ ਰੋਟੀ ਖਾਧੀ ਗਈ ? (ਦਾਲ ਨਾਲ)। ਚੌਥੇ ਵਾਕ 'ਚ ਮੈਂ ਕਾਲਜ ਕਿਵੇਂ ਜਾਂਦਾ ਹਾਂ ? (ਕਾਰ ਰਾਹੀਂ)। ਪੰਜਵੇਂ ਵਾਕ 'ਚ ਤੁਹਾਨੂੰ ਸੁਨੇਹਾ ਕਿਸ ਵਲੋਂ ਭੇਜਿਆ ਗਿਆ ? (ਮੋਹਨ ਰਾਹੀਂ)। ਛੇਵੇਂ ਵਾਕ 'ਚ ਸਭ ਲੋਕ

ਕਿਸ ਨਾਲ ਵੇਖਦੇ ਹਨ ? (ਅੱਖਾਂ ਨਾਲ)। ਅਤੇ ਸੱਤਵੇਂ ਵਾਕ ਵਿਚ ਜੇਕਰ ਅਸੀ ਪੁੱਛੀਏ ਕਿ ਉਸ ਨੇ ਖੀਰਾ ਕਿਸ ਨਾਲ ਕੱਟਿਆ ਤਾਂ ਜੁਆਬ 'ਚ (ਚਾਕੂ ਨਾਲ) ਕਰਣ ਕਾਰਕ ਦਾ ਪਤਾ ਚਲਦਾ ਹੈ। ਇਨ੍ਹਾਂ ਵਾਕਾਂ ਵਿਚ ਇਹ ਸਾਰੇ ਕਰਣ ਕਾਰਕ ਹਨ।

ਪਛਾਣ :- ਕਰਣ ਕਾਰਕ ਦੇ ਚਿਹਨ - ਰਾਹੀਂ, ਦੁਆਰਾ ਤੇ ਨਾਲ ਆਦਿ ਹੁੰਦੇ ਹਨ। ਕਈ ਵਾਰ ਸੰਬੰਧਕ ਨਾਂਵ ਵਿਚ ਮਿਲ ਜਾਂਦਾ ਹੈ। ਜਿਵੇਂ ਅੱਖੀਂ ਦੇਖੀ ਘਟਨਾ ਉੱਪਰ ਵਿਸ਼ਵਾਸ ਕਰ ਲੈਣਾ ਚਾਹੀਦਾ ਹੈ, ਵਿਚ 'ਅੱਖੀਂ'।

4. ਸੰਪਰਦਾਨ ਕਾਰਕ :- ਜਿਸ ਲਈ ਕਿਰਿਆ ਕੀਤੀ ਜਾਂਦੀ ਹੈ ਜਾਂ ਜਿਸ ਨੂੰ ਕੁਝ ਦਿੱਤਾ ਜਾਂਦਾ ਹੈ, ਉਸਦਾ ਬੋਧ ਕਰਾਉਣ ਵਾਲੇ ਸ਼ਬਦ ਨੂੰ ਸੰਪਰਦਾਨ ਕਾਰਕ ਕਿਹਾ ਜਾਂਦਾ ਹੈ। ਜਿਵੇਂ :-

1. ਦਾਦੀ ਜੀ ਲਲਿਤ ਲਈ ਗੇਂਦ ਲਿਆਈ।
2. ਦੇਵ ਨੇ ਰੀਆ ਨੂੰ ਖਿਡੌਣਾ ਦਿੱਤਾ।
3. ਅਧਿਆਪਕ ਨੇ ਵਿਦਿਆਰਥੀਆਂ ਲਈ ਪੁਸਤਕ ਲਿਖੀ।
4. ਆਪਣੀ ਗੱਡੀ ਦੂਜਿਆਂ ਨੂੰ ਨਾ ਦਿਉ।
5. ਪ੍ਰਿੰਸੀਪਲ ਨੇ ਵਿਦਿਆਰਥੀ ਦੀ ਫ਼ੀਸ ਮਾਫ਼ ਕਰ ਦਿੱਤੀ।
6. ਰੋਜ਼ੀ ਰੋਟੀ ਲਈ ਆਦਮੀ ਕੀ ਨਹੀਂ ਕਰਦਾ ?
7. ਸੂਰਮਿਆਂ ਨੇ ਦੇਸ਼ ਲਈ ਕੁਰਬਾਨੀ ਦਿੱਤੀ।
8. ਉਹ ਬਾਬੇ ਲਈ ਮਠਿਆਈ ਲਿਆਇਆ।
9. ਮਹੇਸ਼ ਨੇ ਉਸ ਖਾਤਰ ਕੁੱਟਮਾਰ ਖਾਧੀ।
10. ਅੰਜੂ ਨੇ ਨੀਲਮ ਨੂੰ ਫ਼ੋਨ ਕੀਤਾ।

ਉਪਰੋਕਤ ਵਾਕਾਂ ਵਿਚ ਲਲਿਤ ਲਈ, ਰੀਆ ਨੂੰ, ਵਿਦਿਆਰਥੀਆਂ ਲਈ, ਦੂਜਿਆਂ ਨੂੰ, ਵਿਦਿਆਰਥੀ, ਰੋਜੀ ਰੋਟੀ ਲਈ, ਦੇਸ਼ ਲਈ, ਬਾਬੇ ਲਈ, ਉਸ ਖਾਤਰ ਅਤੇ ਨੀਲਮ ਸੰਪਰਦਾਨ ਕਾਰਕ ਹਨ।

ਸੰਪਰਦਾਨ ਕਾਰਕ ਲਈਂ, ਵਾਸਤੇ, ਖਾਤਰ ਆਦਿ ਸੰਬੰਧਕਾਂ ਨਾਲ ਪ੍ਰਗਟ ਹੁੰਦਾ ਹੈ।

5. ਅਪਾਦਾਨ ਕਾਰਕ :- ਅਪਾਦਾਨ ਵੱਖ ਹੋਣ ਦੇ ਭਾਵ ਨੂੰ ਪ੍ਰਗਟ ਕਰਦਾ ਹੈ। ਨਾਂਵ ਜਾਂ ਪੜਨਾਵ ਦੇ ਜਿਸ ਰੂਪ ਤੋਂ ਵੱਖ ਹੋਣ, ਤੁਲਨਾ ਕਰਨ ਜਾਂ ਦੂਰੀ ਹੋਣ ਦਾ ਪਤਾ ਚਲਦਾ ਹੈ, ਉਸ ਨੂੰ ਅਪਾਦਾਨ ਕਾਰਕ ਕਿਹਾ ਜਾਂਦਾ ਹੈ। ਜਿਵੇਂ :-

1. ਅਮਰਜੀਤ ਬੱਸ ਤੋਂ ਉਤਰੀ। (ਬੱਸ ਤੋਂ)
2. ਕੁਲਜੀਤ ਗੁਰਮੀਤ ਤੋਂ ਛੋਟੀ ਹੈ। (ਗੁਰਮੀਤ ਤੋਂ)
3. ਉਹ ਘਰ 'ਚੋਂ ਕਈ ਵਾਰੀ ਭੱਜ ਚੁੱਕਿਆ ਹੈ। (ਘਰ 'ਚੋਂ)
4. ਮੇਰਾ ਘਰ ਇਥੋਂ ਦੂਰ ਹੈ। (ਇਥੋਂ)
5. ਮੈਂ ਬੰਗਲੌਰ ਤੋਂ ਆ ਰਿਹਾ ਹਾਂ। (ਬੰਗਲੌਰ ਤੋਂ)
6. ਚੋਰ ਸਿਪਾਹੀ ਤੋਂ ਡਰਦਾ ਹੈ। (ਸਿਪਾਹੀ ਤੋਂ)
7. ਬੇਅੰਤ ਰਮਨੀਤ ਨਾਲੋਂ ਤੇਜ਼ ਦੌੜਦੀ ਹੈ। (ਰਮਨੀਤ ਨਾਲੋਂ)
8. ਸੂਰਜ ਧਰਤੀ ਤੋਂ ਕਿੰਨੀ ਦੂਰ ਹੈ ? (ਧਰਤੀ ਤੋਂ)
9. ਗੁਰਮੀਤ ਪਾਸੋਂ ਪੈਸੇ ਲੈ ਲੈਣਾ। (ਗੁਰਮੀਤ ਪਾਸੋਂ)
10. ਉਸ ਪਾਸੋਂ ਕਿਤਾਬ ਲੈ ਲਉ। (ਉਸ ਪਾਸੋਂ)

ਅਪਾਦਾਨ ਕਾਰਕ ਤੋਂ, ਥੋਂ, ਕੋਲੋਂ ਅਤੇ ਪਾਸੋਂ ਆਦਿ ਸੰਬੰਧਕਾਂ ਨਾਲ ਪ੍ਰਗਟ ਹੁੰਦਾ ਹੈ। ਕਈ ਵਾਰੀ ਸੰਬੰਧਕ ਨਾਂਵ ਜਾਂ ਪੜਨਾਂਵ ਨਾਲ ਵੀ ਜੋੜਿਆ ਹੁੰਦਾ ਹੈ। ਇਹ ਆਮ ਤੌਰ 'ਤੇ ਸੰਮਿਲਤ ਸੰਬੰਧਕੀ ਰੂਪ ਵਿਚ ਹੁੰਦਾ ਹੈ। ਜਿਵੇਂ :-

1. ਤੁਸੀਂ ਦਫ਼ਤਰੋਂ ਆ ਗਏ ਹੋ ? (ਇਸ ਵਾਕ ਵਿਚ 'ਦਫ਼ਤਰੋਂ' ਦਾ ਅਰਥ 'ਦਫ਼ਤਰ ਤੋਂ' ਹੈ।)

2. ਮੈਥੋਂ ਹੋਰ ਦੁੱਖ ਨਹੀਂ ਝਲਿਆ ਜਾਂਦਾ। (ਮੈਥੋਂ ਦਾ ਭਾਵ ਹੈ ਮੇਰੇ ਤੋਂ)

6. ਸੰਬੰਧ ਕਾਰਕ :- ਕਿਸੇ ਵਾਕ 'ਚ ਆਏ ਇਕ ਨਾਂਵ ਜਾਂ ਪੜਨਾਂਵ ਦਾ ਸੰਬੰਧ ਦੂਜੇ ਨਾਂਵ ਨਾਲ ਪ੍ਰਗਟ ਕਰਨ ਵਾਲੇ ਸ਼ਬਦ ਨੂੰ ਸੰਬੰਧ ਕਾਰਕ ਆਖਿਆ ਜਾਂਦਾ ਹੈ। ਇਸ ਨੂੰ ਅਸੀਂ ਇੰਝ ਵੀ ਸਮਝ ਸਕਦੇ ਹਾਂ ਕਿ ਜਦੋਂ ਕਿਸੇ ਨਾਂਵ ਜਾਂ ਪੜਨਾਂਵ ਦਾ ਦੂਜੇ ਨਾਂਵ ਜਾਂ ਪੜਨਾਂਵ ਉੱਪਰ ਮਾਲਕੀ ਦਾ ਸੰਬੰਧ ਦੱਸਿਆ ਜਾਏ, ਉਸ ਨੂੰ ਸੰਬੰਧ ਕਾਰਕ ਆਖਿਆ ਜਾਂਦਾ ਹੈ। ਜਿਵੇਂ :-

1. ਇਹ ਪੁਸਤਕ ਮੇਰੀ ਹੈ। (ਮੇਰੀ)
2. ਜਸਮੀਤ ਦਾ ਸਵੈਟਰ ਪਾਟ ਗਿਆ। (ਜਸਮੀਤ ਦਾ)
3. ਉਸਦੀ ਗੱਲ ਵੱਲ ਧਿਆਨ ਦਿਉ। (ਉਸ ਦੀ)
4. ਇਹ ਮੇਰਾ ਦੋਸਤ ਹੈ। (ਮੇਰਾ)
5. ਆਸਮਾਨ ਦਾ ਰੰਗ ਨੀਲਾ ਹੈ। (ਆਸਮਾਨ ਦਾ)
6. ਸੁਰਜੀਤ ਦੀ ਭੈਣ ਨੂੰ ਭੇਜੋ। (ਸੁਰਜੀਤ ਦੀ)
7. ਉਹ ਨਸੀਬ ਦੀ ਕਾਰ ਹੈ। (ਨਸੀਬ ਦੀ)
8. ਜਰਨੈਲ ਦਾ ਬਸਤਾ ਕਿੱਥੇ ਹੈ ? (ਜਰਨੈਲ ਦਾ)

ਸੰਬਧ ਕਾਰਕ ਚਿਹਨ - ਦਾ, ਦੇ, ਦੀ, ਦੀਆਂ, ਰਾ (ਮੇਰਾ), ਰੇ (ਮੇਰੇ), ਰੀ (ਮੇਰੀ), ਡਾ (ਤੁਹਾਡਾ), ਡੇ (ਤੁਹਾਡੇ), ਡੀ (ਤੁਹਾਡੀ) ਆਦਿ ਹਨ। ਕਈ ਪੜਨਾਵਾਂ ਵਿਚ ਸੰਬੰਧਕ ਸੰਮਿਲਤ ਹੁੰਦਾ ਹੈ। ਜਿਵੇਂ :

1. ਲਲਿਤ ਦਾ ਪੈਰ ਟੁੱਟ ਗਿਆ ਹੈ।
2. ਸਾਡੀਆਂ ਕਈ ਕਾਰਾਂ ਹਨ।
3. ਸਾਡੇ ਬਹੁਤ ਸਾਰੇ ਖੇਤ ਹਨ।
4. ਸਾਡਾ ਪੁੱਤਰ ਆ ਗਿਆ ਹੈ।

7. ਅਧਿਕਰਣ ਕਾਰਕ :- ਕਿਰਿਆ ਹੋਣ ਦੇ ਆਧਾਰ, ਸਥਾਨ ਜਾਂ ਕਾਲ ਦਾ ਬੋਧ ਕਰਾਉਣ ਵਾਲਾ ਕਾਰਕ 'ਅਧਿਕਰਣ ਕਾਰਕ' ਅਖਵਾਉਂਦਾ ਹੈ। ਜਿਵੇਂ :-

1. ਜਹਾਜ਼ ਆਕਾਸ਼ 'ਚ ਉੱਡਦਾ ਹੈ। (ਆਕਾਸ਼ 'ਚ)
2. ਗਲਾਸ ਵਿਚ ਦੁੱਧ ਹੈ। (ਗਲਾਸ ਵਿਚ)
3. ਮਾਸਟਰ ਜੀ ਕੁਰਸੀ 'ਤੇ ਬੈਠੇ ਹਨ। (ਕੁਰਸੀ 'ਤੇ)
4. ਬਾਲਟੀ 'ਚ ਪਾਣੀ ਭਰ ਲਉ। (ਬਾਲਟੀ 'ਚ)
5. ਚਿੜੀ ਦਰੱਖਤ 'ਤੇ ਬੈਠੀ ਹੈ। (ਦਰੱਖਤ 'ਤੇ)
6. ਕਮਰੇ ਦੇ ਅੰਦਰ ਆ ਜਾਉ। (ਦੇ ਅੰਦਰ)
7. ਮੈਂ ਰਾਤ ਨੂੰ ਆਊਂਗਾ। (ਰਾਤ ਨੂੰ)
8. ਇਮਤਿਹਾਨ ਅਪ੍ਰੈਲ 'ਚ ਹੋਏਗਾ। (ਅਪ੍ਰੈਲ 'ਚ)
9. ਇਸ ਥਾਂ 'ਤੇ ਅਮਨ-ਸ਼ਾਂਤੀ ਹੈ। (ਥਾਂ 'ਤੇ)
10. ਉਹ ਦਰ-ਦਰ ਦੀਆਂ ਠੋਕਰਾਂ ਖਾਂਦਾ ਹੈ। (ਦਰ ਦਰ)

ਅਧਿਕਰਣ ਕਾਰਕ ਦੇ ਚਿਹਨ ਉੱਤੇ, 'ਤੇ, ਵਿਚ, ਪਰ, ਅੰਦਰ, ਆਦਿ ਹਨ।

8. ਸੰਬੋਧਨ ਕਾਰਕ :- ਨਾਂਵ ਦੇ ਜਿਸ ਰੂਪ ਨਾਲ ਕਿਸੇ ਨੂੰ ਪੁਕਾਰਿਆ, ਬੁਲਾਇਆ, ਸੁਣਾਇਆ ਜਾਂ ਸਾਵਧਾਨ ਕੀਤਾ ਜਾਏ, ਉਸ ਨੂੰ ਸੰਬੋਧਨ ਕਾਰਕ ਕਹਿੰਦੇ ਹਨ। ਜਿਵੇਂ :-

1. ਉਏ ਕੁਲਦੀਪ ! ਕੀ ਤੂੰ ਬੋਲਾ ਹੋ ਗਿਆ ਹੈ ? (ਉਏ ਕੁਲਦੀਪ)
2. ਭਰਾਵੋ ਤੇ ਭੈਣੋ ! ਧਿਆਨ ਨਾਲ ਸੁਣੋ। (ਭਰਾਵੋ ਤੇ ਭੈਣੋ)
3. ਵਿਦਿਆਰਥੀਓ ! ਸਖ਼ਤ ਮਿਹਨਤ ਕਰੋ। (ਵਿਦਿਆਰਥੀਓ)
4. ਮੁੰਡਿਆ ! ਐਧਰ ਆ। (ਮੁੰਡਿਆ)
5. ਹੇ ਰੱਬਾ ! ਸੁੱਖ ਹੋਵੇ। (ਹੇ ਰੱਬਾ)
6. ਨੀ ਕੁੜੀਏ ! ਖਾਣਾ ਕਿਉਂ ਨਹੀਂ ਖਾਂਦੀ ? (ਨੀ ਕੁੜੀਏ)
7. ਸ਼ਾਮ ਸਿਆਂ ! ਕੀ ਹਾਲ ਹੈ ? (ਸ਼ਾਮ ਸਿਆਂ)

ਇਹ ਕਾਰਕ ਕਈ ਵਾਰ ਓ, ਉਏ, ਹੇ, ਵੇ, ਨੀ, ਐ ਆਦਿ ਨਾਲ ਪ੍ਰਗਟ ਹੁੰਦਾ ਹੈ। ਸੰਬੋਧਨੀ ਪਿਛੇਤਰ ਆ, ਓ ਤੇ ਏ ਆਦਿ ਹਨ।

ਕਾਰਕ ਰੂਪ-ਸਾਧਨਾ

ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਨਾਲ ਕਾਰਕ ਚਿਹਨ ਲਗਾਉਣ ਨਾਲ ਉਹਨਾਂ ਦੇ ਰੂਪ 'ਚ ਵਾਪਰਨ ਵਾਲੀ ਤਬਦੀਲੀ ਨੂੰ ਕਾਰਕ-ਰੂਪ ਆਖਦੇ ਹਨ। ਇਹ ਚਾਰ ਤਰ੍ਹਾਂ ਦੇ ਹੁੰਦੇ ਹਨ। ਜਿਵੇਂ :-

1. ਸਾਧਾਰਨ ਰੂਪ :- ਜਿਸ ਵਾਕ ਵਿਚ ਕੋਈ ਵੀ ਕਾਰਕ ਇਸਤੇਮਾਲ ਨਾ ਹੋਇਆ ਹੋਵੇ, ਉਸ ਨੂੰ ਸਾਧਾਰਨ ਕਾਰਕ-ਰੂਪ ਆਖਿਆ ਜਾਂਦਾ ਹੈ। ਜਿਵੇਂ :- ਮੁੰਡੇ ਖੇਡ ਖੇਡਦੇ ਹਨ।

ਇਸ ਵਾਕ ਵਿਚ 'ਮੁੰਡੇ' ਤੇ 'ਖੇਡ' ਸਾਧਾਰਨ ਰੂਪ ਹਨ, ਕਿਉਂਕਿ ਇਹਨਾਂ ਨਾਲ ਕੋਈ ਕਾਰਕ ਚਿਹਨ ਨਹੀਂ ਲੱਗਿਆ ਹੋਵੇਗਾ।

2. ਸੰਬੰਧਕੀ ਰੂਪ :- ਜੇਕਰ ਕਿਸੇ ਨਾਂਵ ਦੇ ਪਿੱਛੇ ਕੋਈ ਸੰਬੰਧਕ ਲੱਗਿਆ ਹੋਵੇ ਤਾਂ ਉਸਨੂੰ ਸੰਬੰਧਕੀ ਕਾਰਕ-ਰੂਪ ਆਖਦੇ ਹਨ। ਜਿਵੇਂ :-

ਮਾਸਟਰ ਨੇ ਡੰਡੇ ਨਾਲ ਮੁੰਡੇ ਨੂੰ ਕੁੱਟਿਆ। ਇਥੇ ਡੰਡਾ ਤੇ ਮੁੰਡਾ ਸੰਬੰਧਕੀ-ਰੂਪ ਹਨ।

3. ਸੰਮਿਲਤ ਸੰਬੰਧਕੀ ਰੂਪ :- ਜਿਸ ਵਾਕ ਵਿਚ ਰੂਪ ਦੇ ਨਾਲ ਸੰਬੰਧਤ ਸੰਮਿਲਤ ਹੋਵੇ ਨੂੰ ਸੰਮਿਲਤ ਸੰਬੰਧਕੀ ਰੂਪ ਆਖਿਆ ਜਾਂਦਾ ਹੈ। ਗੁਰਦੀਪ ਸ਼ਹਿਰੋਂ ਆ ਕੇ ਗੁਰਦੁਆਰੇ ਚਲਿਆ ਗਿਆ। ਇਸ ਵਾਕ ਵਿਚ ਸ਼ਹਿਰੋਂ (ਸ਼ਹਿਰ ਤੋਂ) ਅਤੇ ਗੁਰਦੁਆਰੇ (ਗੁਰਦੁਆਰੇ ਵਿਚ) ਦੋ ਸੰਮਿਲਤ ਸੰਬੰਧਕੀ ਰੂਪ ਹਨ।

4. ਸੰਬੋਧਨ ਰੂਪ :- ਕਿਸੇ ਨਾਂਵ ਨੂੰ ਬੁਲਾਉਣ ਲਈ ਜੋ ਸ਼ਬਦ ਵਰਤਿਆ ਜਾਂਦਾ ਹੈ, ਉਸ ਨੂੰ ਸੰਬੋਧਨੀ ਰੂਪ ਆਖਿਆ ਜਾਂਦਾ ਹੈ। ਇਸ ਵਿਚ ਵਿਸਮਿਕ ਜਾਂ ਕੋਈ ਪਿਛੇਤਰ ਹੁੰਦਾ ਹੈ। ਜਿਵੇਂ 'ਹੇ ਅਕਾਲ ਪੁਰਖ', 'ਨੀ ਕੁੜੀਓ', ਆਦਿ।

ਪ੍ਰਸ਼ਨ ਪੱਤਰ

1. ਨਾਂਵ ਕਿਸ ਨੂੰ ਕਹਿੰਦੇ ਹਨ ? ਇਸ ਦੀਆਂ ਕਿਸਮਾਂ ਦਾ ਵਿਸਥਾਰਪੂਰਵਕ ਵਰਣਨ ਕਰੋ।
2. ਵਚਨ ਤੋਂ ਕੀ ਭਾਵ ਹੈ ? ਇਹ ਕਿੰਨੇ ਪ੍ਰਕਾਰ ਦੇ ਹੁੰਦੇ ਹਨ ? ਚਰਚਾ ਕਰੋ।
3. ਕਾਰਕ ਅਤੇ ਇਸ ਦੇ ਵੱਖ-ਵੱਖ ਰੂਪਾਂ ਉੱਪਰ ਰੌਸ਼ਨੀ ਪਾਉ।

4. ਨਾਟਕ 'ਪਰੀਆਂ'

(ਗੁਰਚਰਨ ਸਿੰਘ ਜਸੂਜਾ)

ਪਿਆਰੇ ਵਿਦਿਆਰਥੀਓ, ਤੁਹਾਡੇ ਪਾਠਕ੍ਰਮ 'ਚ ਗੁਰਚਰਨ ਸਿੰਘ ਜਸੂਜਾ ਦਾ ਨਾਟਕ 'ਪਰੀਆਂ' ਲੱਗਿਆ ਹੋਇਆ ਹੈ। ਇਸ ਨਾਟਕ ਬਾਰੇ ਤੁਹਾਨੂੰ ਇਮਤਿਹਾਨ ਲਈ ਸਵਾਲ ਤਿਆਰ ਕਰਨੇ ਹੋਣਗੇ। ਇਸ ਲਈ ਨਾਟਕ ਦਾ ਸਰਵਪੱਖੀ ਅਧਿਐਨ ਕਰਨਾ ਜ਼ਰੂਰੀ ਹੋ ਜਾਂਦਾ ਹੈ। ਤੁਹਾਡੇ ਪਾਠਕ੍ਰਮ ਦਾ ਹਿੱਸਾ ਬਣੇ ਨਾਟਕ 'ਪਰੀਆਂ' ਬਾਰੇ ਚਰਚਾ ਕਰਨ ਤੋਂ ਪਹਿਲਾਂ ਅਸੀਂ ਪੰਜਾਬੀ ਨਾਟਕ ਦੇ ਪਿਛੋਕੜ, ਸਿਧਾਂਤ, ਇਤਿਹਾਸ ਅਤੇ ਜਸੂਜਾ ਦੇ ਪੰਜਾਬੀ ਨਾਟਕ ਨੂੰ ਯੋਗਦਾਨ ਉੱਪਰ ਰੌਸ਼ਨੀ ਪਾਵਾਂਗੇ। ਨਾਟਕ ਨੂੰ ਪੜ੍ਹਨ ਤੋਂ ਪਹਿਲਾਂ ਤੁਹਾਨੂੰ ਉਪਰੋਕਤ ਪੱਖਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ, ਤਾਂ ਹੀ ਤੁਸੀਂ ਸੰਬੰਧਤ ਸਵਾਲਾਂ ਦਾ ਜਵਾਬ ਦੇਣ ਦੇ ਯੋਗ ਹੋ ਸਕੋਗੇ। ਇਸ ਲਈ ਤੁਹਾਨੂੰ ਨਾਟਕ ਦਾ ਸਰਵਪੱਖੀ ਗਿਆਨ ਹੋਣਾ ਜ਼ਰੂਰੀ ਹੈ। ਵਿਸ਼ੇ ਦੇ ਆਕਾਰ ਦੀ ਸੀਮਾ ਅੰਦਰ ਰਹਿੰਦਿਆਂ ਇਨ੍ਹਾਂ ਪੱਖਾਂ ਉੱਪਰ ਸੰਖੇਪ ਵਿਚ ਚਰਚਾ ਕੀਤੀ ਜਾਵੇਗੀ, ਜੋ ਤੁਹਾਡੇ ਸੰਬੰਧਤ ਨਾਟਕ ਲਈ ਕਾਫ਼ੀ ਹੋਵੇਗੀ। ਇਸ ਨਾਲ ਬਹੁਤ ਅਸਾਨੀ ਨਾਲ ਸਵਾਲਾਂ ਦੇ ਜਵਾਬ ਤਿਆਰ ਕਰਨ ਵਿਚ ਮਦਦ ਮਿਲੇਗੀ।

ਨਾਟਕ ਦਾ ਪਿਛੋਕੜ :-

ਪਿਆਰੇ ਵਿਦਿਆਰਥੀਓ, ਸਭ ਤੋਂ ਪਹਿਲਾਂ ਸਾਨੂੰ ਨਾਟਕ ਕਿਸ ਨੂੰ ਕਹਿੰਦੇ ਹਨ ਤੇ ਇਸ ਦੇ ਮੂਲ ਤੱਤ ਕਿਹੜੇ ਹੁੰਦੇ ਹਨ, ਦਾ ਪਤਾ ਹੋਣਾ ਚਾਹੀਦਾ ਹੈ। ਇਸ ਦਾ ਗਿਆਨ ਹਾਸਲ ਕਰਨ ਲਈ ਸਾਨੂੰ ਭਾਰਤ ਦੇ ਪ੍ਰਾਚੀਨ ਨਾਟ-ਸ਼ਾਸਤਰੀ ਭਰਤ ਮੁਨੀ ਅਤੇ ਯੂਨਾਨ ਦੇ ਪ੍ਰਸਿੱਧ ਫ਼ਿਲਾਸਫਰ ਅਰਸਤੂ ਦੇ ਵਿਚਾਰਾਂ ਤੇ ਉਹਨਾਂ ਤੋਂ ਬਾਅਦ ਦੀ ਨਾਟ-ਪਰੰਪਰਾ ਦਾ ਸੰਖੇਪ ਅਧਿਐਨ ਕਰਨਾ ਚਾਹੀਦਾ ਹੈ। ਭਾਰਤੀ ਨਾਟ ਸ਼ਾਸਤਰੀਆਂ ਦੇ ਵਿਚਾਰ ਮੁਤਾਬਕ ਨਾਟਕ ਅਵਸਥਾ ਜਾਂ ਭਾਵ ਦਾ ਅਨੁਕਰਨ ਹੈ ਜਦਕਿ ਅਰਸਤੂ ਆਪਣੇ ਕਾਵਿ-ਸ਼ਾਸਤਰ ਵਿਚ ਇਸਨੂੰ ਕਾਰਜ ਦਾ ਅਨੁਕਰਨ ਮੰਨਦੇ ਹਨ। ਸੰਸਕ੍ਰਿਤ ਭਾਸ਼ਾ ਦੇ ਪ੍ਰਸਿੱਧ ਨਾਟਕਕਾਰ ਕਾਲੀਦਾਸ ਦੀਆਂ ਜ਼ਿਕਰਯੋਗ ਨਾਟਕੀ ਰਚਨਾਵਾਂ 'ਸ਼ੰਕੁਤਲਾਂ', 'ਵਿਕਰਮੋਰਵਸ਼ੀਂ' ਅਤੇ 'ਮੁਦਰਾ ਰਾਖਸ਼ ਨਾਟਕ' ਆਦਿ ਭਾਰਤੀ ਨਾਟਕ ਦੇ ਇਤਿਹਾਸ ਵਿਚ ਮੀਲ ਪੱਥਰ ਹਨ।

ਪਿਆਰੇ ਵਿਦਿਆਰਥੀਓ, ਇਥੇ ਇਹ ਸਮਝ ਲੈਣਾ ਬਹੁਤ ਜ਼ਰੂਰੀ ਹੈ ਕਿ ਕਈ ਕਾਰਨਾਂ ਦੀ ਵਜ੍ਹਾ ਨਾਲ ਇਸ ਅਮੀਰ ਭਾਰਤੀ ਨਾਟ-ਪਰੰਪਰਾ ਦੇ ਜਾਰੀ ਰਹਿਣ 'ਚ ਬਹੁਤ ਸਾਰੀਆਂ ਮੁਸ਼ਕਲਾਂ ਆਈਆਂ। ਇਥੇ ਇਹ ਵੀ ਦੱਸ ਦੇਣਾ ਜ਼ਰੂਰੀ ਜਾਪਦਾ ਹੈ ਕਿ ਸੰਸਕ੍ਰਿਤ ਨਾਟ-ਪਰੰਪਰਾ ਦੀ ਇਸ ਭਰਪੂਰ ਹੋਂਦ ਦੇ ਬਾਵਜੂਦ ਪੰਜਾਬੀ ਨਾਟਕ ਦਾ ਮੁੱਢ ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂਆਤ 'ਚ ਹੀ ਸਾਹਮਣੇ ਆਉਣ ਲੱਗਿਆ ਕਿਉਂਕਿ ਇਹ ਸਮਾਜਕ-ਰਾਜਨੀਤਿਕ ਹਾਲਤ ਪੱਖੋਂ ਨਾਟਕ ਲਈ ਇਕ ਪ੍ਰਤੀਕੂਲ ਸਮਾਂ ਸੀ, ਇਸ ਲਈ ਪੰਜਾਬੀ ਨਾਟ-ਪਰੰਪਰਾ ਦੀ ਸ਼ੁਰੂਆਤ 'ਚ ਦੇਰੀ ਹੋਣੀ ਸੰਭਵ ਸੀ।

ਸੰਸਕ੍ਰਿਤ ਨਾਟ-ਪਰੰਪਰਾ ਬੁਨਿਆਦੀ ਤੌਰ 'ਤੇ ਸੁਖਾਂਤਕ ਹੈ। ਰਾਜ ਘਰਾਣਿਆਂ ਅਤੇ ਉੱਚ ਸ਼੍ਰੇਣੀ ਦੇ ਲੋਕਾਂ ਨਾਲ ਇਸਦਾ ਸੰਬੰਧ ਹੋਣ ਕਾਰਨ ਇਹ ਇਕ ਸੁਖਾਂਤ ਨਾਟਕ ਸੀ। ਕਿਉਂ ਜੋ ਸੰਸਕ੍ਰਿਤ ਨਾਟਕ ਰਾਜਿਆਂ-ਮਹਾਰਾਜਿਆਂ ਦੀ ਸਰਪ੍ਰਸਤੀ ਹੇਠ ਪ੍ਰਫੁਲਿਤ ਹੋ ਰਿਹਾ ਸੀ, ਇਸ ਲਈ ਇਸ ਵਿਚ ਦਰਸ਼ਕਾਂ ਦੀ ਪਸੰਦ ਜਾ ਨਾ-ਪਸੰਦ ਦਾ ਖ਼ਾਸ ਖ਼ਿਆਲ ਰੱਖਿਆ ਜਾਂਦਾ ਸੀ। ਸੋ ਅਜਿਹੇ ਨਾਟਕ ਵਿਚ ਆਮ ਲੋਕਾਂ ਦੀਆਂ ਦੁੱਖਾਂ ਤਕਲੀਫ਼ਾਂ ਦੀ ਚਰਚਾ ਹੋਣਾ ਸੰਭਵ ਨਹੀਂ ਸੀ। ਪਿਆਰੇ ਵਿਦਿਆਰਥੀਓ, ਸੰਸਕ੍ਰਿਤ ਨਾਟ-ਪਰੰਪਰਾ ਵਿਚ ਪ੍ਰਕਿਰਤੀ ਮਨੁੱਖ ਨੂੰ ਗ਼ਲਤੀ ਦੀ ਸਜ਼ਾ ਨਹੀਂ ਦਿੰਦੀ, ਜਿਸ ਕਾਰਨ ਭਾਰਤੀ ਸੰਸਕ੍ਰਿਤ ਨਾਟਕ ਮਹਿਜ਼ ਇਕ ਸੁਖਾਂਤ ਨਾਟਕ ਬਣ ਕੇ ਹੀ ਰਹਿ ਜਾਂਦਾ ਹੈ। ਪਰੰਤੂ ਇਸ ਦੇ ਮੁਕਾਬਲੇ ਯੂਨਾਨੀ ਨਾਟਕ ਵਿਚ ਕੁਦਰਤ ਮਨੁੱਖ ਦੀ ਗ਼ਲਤੀ ਲਈ ਉਸ ਨੂੰ ਮੌਤ ਵਰਗੀ ਜ਼ਾਲਮਾਨਾ ਸਜ਼ਾ ਵੀ ਦਿੰਦੀ ਹੈ। ਜਿਸ ਕਰਕੇ ਇਹ ਦੁਖਾਂਤ ਨਾਟਕ ਦਾ ਧਾਰਨੀ ਬਣ ਜਾਂਦਾ ਹੈ। ਸੰਸਕ੍ਰਿਤ ਨਾਟਕਾਂ ਵਿਚ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਭਾਸ਼ਾ ਦੀ ਵਰਤੋ ਕੀਤੀ ਜਾਂਦੀ ਸੀ। ਇਸ ਵਿਚ ਸੰਗੀਤ ਕਲਾ ਨੂੰ ਵੀ ਵਿਸ਼ੇਸ਼ ਸਥਾਨ ਹਾਸਲ ਸੀ। ਦਰਸ਼ਕਾਂ ਦੇ ਹਰ ਤਰ੍ਹਾਂ ਦੇ ਮਨ ਪਰਚਾਵੇ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਸੀ।

ਨਾਟਕ ਦੇ ਤੱਤ :-

ਨਾਟਕ ਵਿਚ ਇਸ ਦੇ ਮੂਲ ਤੱਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਵਾਰਤਾਲਾਪ ਜਾਂ ਸੰਵਾਦ ਨਾਟਕ ਦੇ ਮਹੱਤਵਪੂਰਨ

ਤੱਤ ਹਨ। ਵਾਰਤਾਲਾਪਾਂ ਬਗ਼ੈਰ ਕਿਸੇ ਵੀ ਨਾਟਕ ਦੀ ਉਸਾਰੀ ਅਸੰਭਵ ਹੈ। ਇਸ ਤੋਂ ਇਲਾਵਾ ਵਿਸ਼ਾ, ਪਾਤਰ, ਕਥਾ ਅਤੇ ਕਥਾਨਕ ਨਾਟਕ ਦੇ ਦੂਸਰੇ ਮਹੱਤਵਪੂਰਨ ਤੱਤ ਹਨ। ਨਾਟਕ ਵਿਚ ਜੀਵਨ ਦੇ ਕਿਸੇ ਵੀ ਪੱਖ ਨੂੰ ਵਿਸ਼ਾ ਬਣਾਇਆ ਜਾਂਦਾ ਹੈ। ਕਿਸੇ ਵੀ ਸਮੱਸਿਆ ਨੂੰ ਨਾਟਕ ਵਿਚ ਪਾਤਰਾਂ ਰਾਹੀਂ ਹੀ ਦਰਸਾਇਆ ਜਾਂਦਾ ਹੈ। ਇਸ ਤਰ੍ਹਾਂ ਪਾਤਰਾਂ ਦਾ ਨਾਟਕ ਨਾਲ ਰੂਹ ਅਤੇ ਸਰੀਰ ਵਾਲਾ ਰਿਸ਼ਤਾ ਹੁੰਦਾ ਹੈ। ਕਲਪਿਤ ਪਾਤਰਾਂ ਨੂੰ ਨਾਟਕ ਰਾਹੀਂ ਦਰਸ਼ਕਾਂ ਸਾਹਮਣੇ ਪੇਸ਼ ਕਰਕੇ ਵਿਸ਼ੇਗਤ ਪੇਸ਼ਕਾਰੀ ਨੂੰ ਹੋਰ ਸਾਰਥਕ ਬਣਾਇਆ ਜਾਂਦਾ ਹੈ।

ਨਾਟਕ ਦੇ ਅਗਲੇ ਤੱਤ ਕਥਾ ਰਾਹੀਂ ਪਾਤਰਾਂ ਦੇ ਕਾਰਜਾਂ ਨੂੰ ਇਸ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਦਰਸ਼ਕਾਂ ਸਾਹਮਣੇ ਵਿਸ਼ਾ ਇਕ ਕਹਾਣੀ ਵਾਂਗ ਪੇਸ਼ ਹੁੰਦਾ ਹੈ। ਕਾਰਜਸ਼ੀਲ ਪਾਤਰ ਵੱਖ-ਵੱਖ ਘਟਨਾਵਾਂ ਰਾਹੀਂ ਇਕ ਕਹਾਣੀ ਬਿਆਨ ਕਰ ਰਹੇ ਹੁੰਦੇ ਹਨ। ਕਥਾਨਕ ਸਾਰੀ ਕਹਾਣੀ ਨੂੰ ਇਕ ਬੱਝਵੇਂ ਰੂਪ 'ਚ ਦਰਸ਼ਕਾਂ ਮੂਹਰੇ ਪੇਸ਼ ਕਰਦਾ ਹੈ। ਇਸ ਰਾਹੀਂ ਘਟਨਾਵਾਂ ਨੂੰ ਕਹਾਣੀ ਦੀ ਜ਼ਰੂਰਤ ਅਨੁਸਾਰ ਤਰਤੀਬ ਦਿੱਤੀ ਜਾਂਦੀ ਹੈ। ਅਸਲ ਵਿਚ ਕਥਾਨਕ ਨਾਟਕਕਾਰੀ ਦੀ ਪੇਸ਼ਕਾਰੀ ਪਿੱਛੇ ਇਕ ਅਹਿਮ ਕਲਾ ਹੈ। ਉਂਝ ਕਥਾਨਕ ਕਥਾ ਦਾ ਹੀ ਵਿਸਥਾਰ ਹੁੰਦਾ ਹੈ ਪਰ ਦਰਸ਼ਨ ਨੂੰ ਆਪਣੀ ਸੂਝ-ਬੂਝ ਰਾਹੀਂ ਇਸ ਦੀ ਪਛਾਣ ਕਰਨੀ ਹੁੰਦੀ ਹੈ। ਅਰਸਤੂ ਨੇ ਆਪਣੇ ਕਾਵਿ-ਸ਼ਾਸਤਰ ਵਿਚ ਪਲਾਟ ਅਥਵਾ ਕਥਾਨਕ ਨੂੰ ਨਾਟਕ ਦੀ ਰੀੜ੍ਹ ਦੀ ਹੱਡੀ ਕਿਹਾ ਹੈ। ਉਸ ਦਾ ਮੰਨਣਾ ਹੈ ਕਿ ਪਲਾਟ ਹੀ ਨਾਟਕ ਨੂੰ ਵਾਸਤਵਿਕਤਾ ਅਤੇ ਅਰਥ ਪ੍ਰਦਾਨ ਕਰਦਾ ਹੈ। ਤ੍ਰਾਸਦੀ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਅਰਸਤੂ ਕਹਿੰਦਾ ਹੈ ਕਿ ਪਲਾਟ ਹੀ ਨਾਟਕ ਦਾ ਆਰੰਭ ਤੇ ਅੰਤ ਹੈ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸੁਰਜੀਤ ਸਿੰਘ ਸੇਠੀ ਅਤੇ ਗੁਰਦਿਆਲ ਸਿੰਘ ਫੁੱਲ ਵੀ ਨਾਟਕ ਵਿਚ ਕਥਾਨਕ ਨੂੰ ਮਹੱਤਵਪੂਰਨ ਦੱਸਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਕਥਾਨਕ ਤੋਂ ਬਿਨਾ ਨਾਟਕ ਦੀ ਰਚਨਾ ਅਸੰਭਵ ਹੈ।

ਇਹਨਾਂ ਤੱਤਾਂ ਤੋਂ ਇਲਾਵਾ ਦੇਸ਼ ਕਾਲ ਜਾਂ ਵਾਤਾਵਰਨ ਵੀ ਨਾਟਕ ਦੀ ਉਸਾਰੀ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਪਿਆਰੇ ਵਿਦਿਆਰਥੀਓ, ਵਾਤਾਵਰਨ ਦੀ ਉਸਾਰੀ ਦੇ ਅੰਤਰਗਤ ਪਾਤਰਾਂ ਦੀ ਵੇਸ਼-ਭੂਸ਼ਾ, ਉਹਨਾਂ ਦੇ ਸੰਵਾਦਾਂ ਦੀ ਬੋਲੀ ਅਤੇ ਉਹਨਾਂ ਦੇ ਕਾਰਜ ਆਦਿ ਸਭ ਮਾਹੌਲ ਦੇ ਅਨੁਕੂਲ ਹੋਣੇ ਚਾਹੀਦੇ ਹਨ। ਇਹਨਾਂ ਦੇਸ਼ ਤੇ ਕਾਲ ਨਾਲ ਇਤਿਹਾਸਕ ਪੱਖ ਤੋਂ ਵੀ ਤਾਲਮੇਲ ਹੋਣਾ ਜ਼ਰੂਰੀ ਹੈ। ਇਸ ਸਭ ਤੋਂ ਬਿਨਾ ਨਾਟਕ ਦਾ ਪ੍ਰਭਾਵ ਖ਼ਤਰੇ 'ਚ ਪੈ ਸਕਦਾ ਹੈ।

ਨਾਟਕ ਦੇ ਇਹਨਾਂ ਤੱਤਾਂ ਦੀ ਪੇਸ਼ਕਾਰੀ ਨੂੰ ਸੁਚੱਜੇ ਢੰਗ ਨਾਲ ਪੇਸ਼ ਕਰਨ ਲਈ ਸ਼ੈਲੀ ਤੱਤ ਦੀ ਲੋੜ ਹੁੰਦੀ ਹੈ। ਇਹ ਹਰ ਲੇਖਕ ਜਾਂ ਨਾਟਕਕਾਰ ਦੀ ਵੱਖੋ-ਵੱਖਰੀ ਹੋ ਸਕਦੀ ਹੈ। ਦਰਅਸਲ ਇਹ ਨਾਟਕਕਾਰ ਦੀ ਭਾਸ਼ਾ ਹੁੰਦੀ ਹੈ। ਨਾਟਕਕਾਰ ਦੀ ਭਾਸ਼ਾ ਬਾਰੇ ਵੱਖ-ਵੱਖ ਵਿਦਵਾਨਾਂ ਦੇ ਆਪੋ-ਆਪਣੇ ਵਿਚਾਰ ਹਨ। ਕੁਝ ਵਿਦਵਾਨ ਨਾਟਕ ਦੀ ਭਾਸ਼ਾ ਨੂੰ ਪਾਤਰਾਂ ਦੇ ਪੱਧਰ, ਸਮਾਜਿਕ ਸਥਿਤੀ ਜਾਂ ਨਾਟਕੀ ਸਥਿਤੀ ਦੇ ਅਨੁਕੂਲ ਹੋਣਾ ਲੋਚਦੇ ਹਨ, ਜਦਕਿ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਨਾਟਕੀ ਭਾਸ਼ਾ ਨਾਟਕਕਾਰ ਦੀ ਆਪਣੀ ਹੋਣੀ ਚਾਹੀਦੀ ਹੈ। ਇਸ ਲਈ ਪੰਜਾਬੀ 'ਚ ਕਪੂਰ ਸਿਘ ਘੁੰਮਣ ਅਤੇ ਬਲਵੰਤ ਗਾਰਗੀ ਵਰਗੇ ਨਾਟਕਕਾਰਾਂ ਨੇ ਆਪਣੇ ਨਾਟਕਾਂ ਵਿਚ ਕਾਵਿ-ਮਈ ਭਾਸ਼ਾ ਦਾ ਇਸਤੇਮਾਲ ਕੀਤਾ ਹੈ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਨਾਟਕਕਾਰ ਦੀ ਭਾਸ਼ਾ ਵਿਚ ਰੌਚਕਤਾ ਅਤੇ ਸਪੱਸ਼ਟਤਾ ਹੋਣੀ ਜ਼ਰੂਰੀ ਹੈ ਤਾਂ ਜੋ ਉਹ ਦਰਸ਼ਕਾਂ ਉੱਪਰ ਨਾਟਕ ਦਾ ਇਕ ਬੱਝਵਾਂ ਪ੍ਰਭਾਵ ਪਾ ਸਕੇ।

ਪਿਆਰੇ ਵਿਦਿਆਰਥੀਓ, ਸਾਡੀ ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਨਾਟਕ ਇਕ ਸਾਹਿਤ-ਰੂਪ ਹੋਣ ਦੇ ਬਾਵਜੂਦ ਉਸ ਸਮੇਂ ਤੱਕ ਪੂਰੀ ਤਰ੍ਹਾਂ ਸਫਲ ਨਹੀਂ ਮੰਨਿਆ ਜਾਂਦਾ ਜਦ ਤੱਕ ਇਸ ਨੂੰ ਰੰਗ-ਮੰਚ ਉੱਪਰ ਖੇਡਿਆ ਨਹੀਂ ਜਾਂਦਾ। ਨਾਟਕ ਅਤੇ ਰੰਗ-ਮੰਚ ਇਕ ਦੂਜੇ ਦੇ ਪੂਰਕ ਹਨ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਡਾ. ਹਰਚਰਨ ਸਿੰਘ ਦਾ ਮੰਨਣਾ ਹੈ ਕਿ ਨਾਟਕਕਾਰ ਦਾ ਸਭ ਤੋਂ ਵੱਡਾ ਉਸਤਾਦ ਮੰਚ ਹੀ ਹੁੰਦਾ ਹੈ। ਰੰਗ-ਸ਼ਾਲਾ ਵਿਚ ਬੈਠੇ ਦਰਸ਼ਕ ਉਸ ਦੇ ਸਹੀ ਆਲੋਚਕ ਹੁੰਦੇ ਹਨ। ਇਹ ਗੱਲ ਬਹੁਤ ਹੀ ਸ਼ਿੱਦਤ ਨਾਲ ਵਿਚਾਰੀ ਜਾਂਦੀ ਹੈ ਕਿ ਜੇ ਸਾਹਿਤ ਨੂੰ ਸ਼ਬਦਾਂ ਦਾ ਜਾਮਾ ਪਹਿਨਾਇਆ ਜਾਂਦਾ ਹੈ ਤਾਂ ਰੰਗ-ਮੰਚ ਨਾਟਕ ਦਾ ਮਾਧਿਅਮ ਬਣਦਾ ਹੈ। ਪ੍ਰਸਿੱਧ ਨਾਟਕਕਾਰ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਨਾਟਕ ਦੀ ਰਚਨਾ ਖੇਡਣ ਵਾਸਤੇ ਹੁੰਦੀ ਹੈ, ਪੜ੍ਹਨ ਵਾਸਤੇ ਨਹੀਂ।

ਭਾਰਤੀ ਅਤੇ ਪੰਜਾਬੀ ਨਾਟਕ ਉੱਪਰ ਇਸਲਾਮਿਕ ਦੌਰ ਦਾ ਅਸਰ :-

ਪਿਆਰੇ ਵਿਦਿਆਰਥੀਓ ਇਥੇ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਗੁਪਤ ਕਾਲ ਦੌਰਾਨ ਸਿਖ਼ਰ ਤੇ ਪਹੁੰਚ ਚੁੱਕੀ ਸੰਸਕ੍ਰਿਤ ਨਾਟ-ਪਰੰਪਰਾ ਦੇ ਵਿਕਾਸ ਪੜਾਅ ਵਿਚ ਇਸ ਨੂੰ ਕਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਬਦਕਿਸਮਤੀ

ਨਾਲ ਇਹ ਨਾਟ-ਪਰੰਪਰਾ ਅੱਗੇ ਫਲ-ਫੁੱਲ ਨਾ ਸਕੀ। ਇਤਿਹਾਸ 'ਤੇ ਨਜ਼ਰ ਮਾਰਿਆਂ ਇਸ ਗੱਲ ਦਾ ਸਹਿਜੇ ਹੀ ਗਿਆਨ ਹੋ ਜਾਂਦਾ ਹੈ ਕਿ ਸੰਨ 712 ਈ. ਵਿਚ ਮੁਹੰਮਦ ਬਿਨ ਕਾਸਿਮ ਦੇ 'ਸਿੰਧ' ਪ੍ਰਾਂਤ ਉੱਪਰ ਕੀਤੇ ਹਮਲੇ ਮਗਰੋਂ ਭਾਰਤੀ ਸਭਿਆਚਾਰ ਦੇ ਸਮੀਕਰਨ ਬਦਲਨੇ ਸ਼ੁਰੂ ਹੋ ਗਏ। ਮਹਿਮੂਦ ਗਜ਼ਨਵੀ, ਮੁਹੰਮਦ ਗੌਰੀ ਅਤੇ ਸਿਕੰਦਰ ਲੋਧੀ ਸਮੇਤ ਵਿਦੇਸ਼ੀ ਹੁਕਮਰਾਨਾਂ ਨੇ ਭਾਰਤ ਦੀ ਨੱਕ ਵਿਚ ਦਮ ਕਰ ਦਿੱਤਾ ਸੀ। ਇਸ ਉਪਰੰਤ ਬਾਬਰ ਤੋਂ ਲੈ ਕੇ ਬਹਾਦਰ ਸ਼ਾਹ ਤੱਕ ਮੁਗ਼ਲ ਰਾਜ ਨੇ ਭਾਰਤੀ ਸਮਾਜ ਸਭਿਆਚਾਰ ਉੱਪਰ ਵਿਸ਼ੇਸ਼ ਪ੍ਰਭਾਵ ਪਾਇਆ। ਹਰ ਕਲਾ ਦੇ ਪ੍ਰਚਾਰ-ਪ੍ਰਸਾਰ ਲਈ ਇਕ ਸਾਜਗਾਰ ਮਾਹੌਲ ਦਾ ਹੋਣਾ ਲਾਜ਼ਮੀ ਹੁੰਦਾ ਹੈ ਪਰ ਮੁਗ਼ਲ ਸਾਮਰਾਜ ਤੋਂ ਭਾਰਤੀ ਨਾਟਕ ਨੂੰ ਉਤਸ਼ਾਹ ਨਾ ਮਿਲਣ ਕਾਰਨ ਭਾਰਤੀ ਨਾਟ-ਪਰੰਪਰਾ ਦਮ ਤੋੜਦੀ ਨਜ਼ਰ ਆਉਣ ਲੱਗੀ। ਮੁਗ਼ਲ ਸਾਮਰਾਜ ਦੇ ਪਤਨ ਮਗਰੋਂ ਪੰਜਾਬ 'ਚ ਸੈਂਕੜੇ ਸਾਲਾਂ ਬਾਅਦ ਜਦੋਂ ਨਾਟਕ ਮੁੜ ਸੁਰਜੀਤ ਹੋਣ ਲੱਗਿਆ ਤਾਂ ਅੰਗਰੇਜ਼ ਹਕੂਮਤ ਦੇ ਦਾਖ਼ਲੇ ਕਾਰਨ ਇਹ ਭਾਰਤੀ ਨਾਟ-ਪਰੰਪਰਾ ਤੋਂ ਦੂਰ ਹੁੰਦਾ ਹੋਇਆ ਪੱਛਮੀ ਪ੍ਰਭਾਵ ਦੀ ਸ਼ਰਨ 'ਚ ਚਲਾ ਗਿਆ। ਦਰਅਸਲ ਬਦਕਿਸਮਤੀ ਵੱਸ ਪੰਜਾਬ ਹਮੇਸ਼ਾ ਜੰਗਾਂ-ਯੁੱਧਾਂ ਦਾ ਅਖਾੜਾ ਬਣਿਆ ਰਿਹਾ ਤੇ ਕਲਮ ਦੀ ਬਜਾਏ ਲੋਕਾਂ ਦੇ ਹੱਥ ਵਿਚ ਤਲਵਾਰ ਰਹੀ। ਪੰਜਾਬ ਦਾ ਅਮਨੋ-ਚੈਨ ਪੂਰੀ ਤਰ੍ਹਾਂ ਭੰਗ ਹੋ ਚੁੱਕਿਆ ਸੀ। ਭਾਵੇਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੌਰਾਨ ਪੰਜਾਬੀਆਂ ਨੂੰ ਆਪਣੇ ਰਾਜ ਦਾ ਸੁੱਖ ਮਾਣਨ ਦਾ ਮੌਕਾ ਮਿਲਿਆ ਪਰ ਇਹ ਵੀ ਲੰਮਾ ਸਮਾਂ ਨਾ ਚੱਲਿਆ ਤੇ ਇਥੇ ਅੰਗਰੇਜ਼ੀ ਰਾਜ ਲਾਗੂ ਹੋ ਗਿਆ। ਇਸ ਸਮੇਂ ਦੌਰਾਨ ਇਥੋਂ ਦੇ ਲੋਕ ਰਾਸ-ਲੀਲਾ ਜਾਂ ਭੰਡਾਂ ਦੀਆਂ ਨਕਲਾਂ ਨੂੰ ਆਪਣੇ ਮਨੋਰੰਜਨ ਦਾ ਸਾਧਨ ਬਣਾਉਂਦੇ ਰਹੇ।

ਇਕ ਗੱਲ ਜ਼ਿਕਰਯੋਗ ਹੈ ਕਿ ਭਾਵੇਂ ਮੱਧ-ਕਾਲ 'ਚ ਸੂਫ਼ੀ-ਕਾਵਿ, ਬਾਣੀ-ਕਾਵਿ, ਵਾਰ-ਕਾਵਿ ਅਤੇ ਹੋਰ ਲੋਕ ਸਾਹਿਤ ਦੀ ਰਚਨਾ ਹੋਣ ਲੱਗ ਪਈ ਸੀ ਪਰ ਪੰਜਾਬੀ ਨਾਟਕ ਦਾ ਅਭਾਵ ਹੀ ਰਿਹਾ। ਇਸ ਸਮੇਂ ਦੌਰਾਨ ਰਚੇ ਗਏ ਹਨੂੰਮਾਨ ਨਾਟਕ ਅਤੇ ਬਚਿੱਤਰ ਨਾਟਕ ਵਿਚ ਨਾਟਕੀ ਤੱਤਾਂ ਦੀ ਪਛਾਣ ਕੀਤੀ ਗਈ। ਇਹਨਾਂ ਨਾਟਕਾਂ ਨੂੰ ਸਟੇਜ ਉੱਤੇ ਮੰਚਿਤ ਨਾ ਕੀਤਾ ਜਾ ਸਕਿਆ। ਇਸ ਤਰ੍ਹਾਂ ਦੇ ਹੋਰ ਨਾਟਕਾਂ ਵਿਚ ਜੋਗੀ ਸ਼ਿਵਨਾਥ ਦਾ 'ਪ੍ਰਬੋਧ ਚੰਦਰ ਨਾਟਕ' ਅਤੇ ਗਿਆਨੀ ਦਿੱਤ ਸਿੰਘ ਦਾ 'ਰਾਜ ਪ੍ਰਬੋਧ ਨਾਟਕ' ਵੀ ਸ਼ਾਮਲ ਹਨ। ਇਸ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਮੁਗਲਾਂ ਦੀ ਜ਼ਾਲਮਾਨਾਂ ਹਕੂਮਤ ਦੇ ਬਾਵਜੂਦ ਭੰਡਾਂ ਦੀਆਂ ਨਕਲਾਂ, ਰਾਸ-ਲੀਲਾ, ਰਾਮ-ਲੀਲਾ ਜਾਂ ਫਿਰ ਗਿੱਧੇ ਅਤੇ ਨਾਚ ਜਾਂ ਬੋਲੀਆਂ ਰਾਹੀਂ ਲੋਕਾਂ ਨੇ ਨਾਟਕ ਦੀ ਅਣਹੋਂਦ ਦੌਰਾਨ ਆਪਣੀ ਮਨੋਰੰਜਨ ਦੀ ਭੁੱਖ ਨੂੰ ਪੂਰਿਆਂ ਕੀਤਾ ਪਰ ਭਾਰਤੀ ਨਾਟ-ਪਰੰਪਰਾ ਵਿਚ ਇਕ ਬਹੁਤ ਵੱਡਾ ਵਕਫ਼ਾ ਪੈਦਾ ਹੋ ਗਿਆ।

ਪੰਜਾਬੀ ਨਾਟਕ ਉੱਪਰ ਅੰਗਰੇਜ਼ੀ ਸੰਸਕ੍ਰਿਤੀ ਦਾ ਅਸਰ :-

ਸੰਨ 1839 'ਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਪੰਜਾਬ ਉੱਪਰ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਇੰਜ ਪੰਜਾਬੀ ਸਾਹਿਤਕਾਰਾਂ ਦਾ ਵਾਹ ਅੰਗਰੇਜ਼ੀ ਸਾਹਿਤ ਨਾਲ ਪੈਣਾ ਸ਼ੁਰੂ ਹੋਇਆ। ਇਸ ਲਈ ਇਸ ਸਮੇਂ ਦੌਰਾਨ ਰਚੇ ਗਏ ਨਾਟਕ ਉੱਪਰ ਪੱਛਮੀ ਸਮਾਜ ਸਭਿਆਚਾਰ ਦਾ ਅਸਰ ਪੈਣਾ ਸੁਭਾਵਿਕ ਸੀ। ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਹੋਏ ਨਾਟਕਾਂ ਕਾਰਨ ਵੀ ਪੰਜਾਬੀ ਨਾਟਕ ਉੱਪਰ ਪੱਛਮੀ ਪ੍ਰਭਾਵ ਪੈਣਾ ਸੁਭਾਵਕ ਸੀ। ਪਹਿਲਾਂ ਪਹਿਲ ਲਿਖੇ ਗਏ ਮੌਲਿਕ ਨਾਟਕ ਪੜ੍ਹੰਦਰ ਨਾਟਕ ਹੀ ਸਨ। ਹੌਲੀ-ਹੌਲੀ ਖੜ੍ਹੰਦਰ ਨਾਟਕ, ਯਾਨੀ ਸਟੇਜ ਉੱਪਰ ਖੇਡੇ ਜਾਣ ਵਾਲੇ ਨਾਟਕ ਦੀ ਰਚਨਾ ਹੋਣੀ ਸ਼ੁਰੂ ਹੋਈ। ਭਾਵੇਂ ਪਹਿਲੇ ਨਾਟਕਕਾਰ ਜਿਵੇਂ ਪ੍ਰੋ. ਈਸ਼ਵਰ ਚੰਦਰ ਨੰਦਾ ਤੇ ਡਾ. ਹਰਚਰਨ ਸਿੰਘ ਨੇ ਖੜ੍ਹੰਦਰ ਨਾਟਕਾਂ ਦੀ ਰਚਨਾ ਕੀਤੀ ਪਰ ਭਾਈ ਦਿੱਤ ਸਿੰਘ, ਭਾਈ ਵੀਰ ਸਿੰਘ, ਬਾਵਾ ਬੁੱਧ ਸਿੰਘ ਅਤੇ ਕਿਰਪਾ ਸਾਗਰ ਵਰਗੇ ਲੇਖਕ ਰੰਗਮੰਚ ਦੀ ਦ੍ਰਿਸ਼ਟੀ ਤੋਂ ਨਾਟਕ ਰਚਨਾ ਵਿਚ ਸਫ਼ਲ ਨਾ ਹੋ ਸਕੇ।

ਪੰਜਾਬੀ ਨਾਟਕ - ਆਰੰਭ ਤੇ ਵਿਕਾਸ :

ਪਿਆਰੇ ਵਿਦਿਆਰਥੀਓ, ਗੁਰਚਰਨ ਸਿੰਘ ਜਸੂਜਾ ਦੇ ਨਾਟਕ 'ਪਰੀਆਂ' ਨੂੰ ਸਮਝਣ ਲਈ ਪੰਜਾਬੀ ਦੀ ਨਾਟਕ ਪਰੰਪਰਾ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀ ਵਿਚ ਹੁਣ ਤੱਕ ਬਹੁਤ ਸਾਰੇ ਨਾਟਕਾਂ ਦੀ ਰਚਨਾ ਹੋ ਚੁੱਕੀ ਹੈ। ਇਹ ਗੱਲ ਭਲੀ ਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬੀ ਭਾਸ਼ਾ ਦੇ ਹੋਂਦ 'ਚ ਆਉਣ ਤੋਂ ਪਹਿਲਾਂ ਭਾਰਤੀ ਨਾਟ ਪਰੰਪਰਾ ਦੀ ਸ਼ੁਰੂਆਤ ਹੋ ਚੁੱਕੀ ਸੀ। ਸੋ ਪੰਜਾਬੀ ਨਾਟਕ ਕੋਲ ਭਾਰਤੀ ਸੰਸਕ੍ਰਿਤ-ਨਾਟ ਪਰੰਪਰਾ, ਜੋ ਮੁਗਲ ਕਾਲ ਦੌਰਾਨ ਸੈਂਕੜੇ ਸਾਲਾਂ ਤੱਕ ਅਣਗੌਲੀ ਰਹੀ, ਮੌਜੂਦ ਸੀ। ਜਿਵੇਂ ਕਿ ਅਸੀ ਉੱਪਰ ਜ਼ਿਕਰ ਕਰ ਆਏ ਹਾਂ ਕਿ ਪੰਜਾਬੀ ਨਾਟਕ ਦੀ ਸ਼ੁਰੂਆਤ ਉੱਪਰ ਪੱਛਮੀ ਪ੍ਰਭਾਵ ਵੀ ਪਿਆ।

ਪਹਿਲੇ ਪੜਾਅ ਦੌਰਾਨ ਨਾਟਕਾਂ ਦਾ ਪੰਜਾਬੀ ਵਿਚ ਅਨੁਵਾਦ ਹੋਇਆ, ਫਿਰ ਪੰਜਾਬੀ ਵਿਚ ਆਧਾਰਿਤ ਨਾਟਕਾਂ ਦੀ ਰਚਨਾ ਹੋਈ। ਆਧੁਨਿਕ ਪੰਜਾਬੀ ਨਾਟਕ ਦੀ ਸ਼ੁਰੂਆਤ ਵਿਚ ਆਇਰਲੈਂਡ ਦੀ ਔਰਤ ਨੌਰਾ ਰਿਚਰਡਜ਼ ਦਾ ਬਹੁਤ ਯੋਗਦਾਨ ਹੈ। ਉਸ ਨੇ ਸੰਨ 1911 ਵਿਚ ਲਾਹੌਰ ਦੇ ਦਿਆਲ ਸਿੰਘ ਕਾਲਜ ਵਿਚ ਰੰਗ-ਮੰਚ ਦੀ ਸਥਾਪਨਾ ਕਰਕੇ ਉਥੇ ਪੰਜਾਬੀ ਨਾਟਕ ਲਿਖਣ ਦੀ ਮੁਕਾਬਲੇਬਾਜ਼ੀ ਸ਼ੁਰੂ ਕਰਵਾਈ। ਇਥੋਂ ਪ੍ਰੋ. ਈਸ਼ਵਰ ਚੰਦਰ ਨੰਦਾ ਇਕ ਪਹਿਲੇ ਨੰਬਰ ਦਾ ਨਾਟਕਕਾਰ ਬਣ ਕੇ ਉਭਰਿਆ। ਵਿਦਿਆਰਥੀਓ, ਇਥੇ ਇਹ ਗੱਲ ਧਿਆਨਯੋਗ ਹੈ ਕਿ ਆਈ. ਸੀ. ਨੰਦਾ ਤੋਂ ਪਹਿਲਾਂ ਵੀ ਪੰਜਾਬੀ ਵਿਚ ਕਈ ਨਾਟਕ ਲਿਖੇ ਗਏ ਤੇ ਖੇਡੇ ਗਏ ਸਨ, ਪਰ ਰੰਗਮੰਚ ਦੀ ਦ੍ਰਿਸ਼ਟੀ ਤੋਂ ਉਹ ਪ੍ਰਪੱਕ ਨਹੀਂ ਸਨ। ਉਹ ਮਹਿਜ਼ ਇਕ ਦਿਲ-ਪਰਚਾਵੇ ਦਾ ਸਾਧਨ ਹੀ ਸਨ। ਪੰਜਾਬੀ ਨਾਟਕ ਨੂੰ ਹੋਰ ਸਾਰਥਕ ਅਤੇ ਪ੍ਰਪੱਕ ਬਣਾਉਣ ਲਈ ਉਸ ਨੇ ਵਿਧਵਾ-ਵਿਆਹ, ਪਿਆਰ-ਵਿਆਹ ਅਤੇ ਹੋਰ ਸਮਾਜਿਕ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਰਾਹੀਂ ਪੇਸ਼ ਕੀਤਾ। ਆਈ. ਸੀ. ਨੰਦਾ ਨੇ ਹੈਨਰਿਕ ਇਬਸਨ ਦੀ 'ਯਥਾਰਥਵਾਦ ਨਾਟ-ਪਰੰਪਰਾ' ਦੇ ਅਸਰ ਨੂੰ ਕਬੂਲਦਿਆਂ 'ਸੁਹਾਗ', 'ਸੁਭੱਦਰਾਂ' ਅਤੇ 'ਵਰ-ਘਰ' ਵਰਗੇ ਨਾਟਕਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਉਹਨਾਂ ਨੇ ਇਕਾਂਗੀ ਨਾਟਕਾਂ ਦੀ ਰਚਨਾ ਕਰਕੇ ਪੰਜਾਬੀ ਨਾਟਕ ਦਾ ਮੂੰਹ-ਮੁਹਾਂਦਰਾ ਹੋਰ ਨਿਖਾਰ ਦਿੱਤਾ ਸੀ।

ਨੰਦਾ ਤੋਂ ਉਪਰੰਤ ਪ੍ਰੋ. ਹਰਚਰਨ ਸਿੰਘ ਅਤੇ ਸੰਤ ਸਿੰਘ ਸੇਖੋਂ ਨੇ ਪੰਜਾਬੀ ਨਾਟਕ ਨੂੰ ਅੱਗੋਂ ਵਿਸਤਾਰ ਦਿੱਤਾ। ਡਾ. ਹਰਚਰਨ ਸਿੰਘ ਨੇ 'ਅਣਜੋੜ', 'ਰੱਤਾ ਸਾਲੂ', 'ਸ਼ੋਭਾ ਸ਼ਕਤੀ' ਅਤੇ 'ਰਾਜਾ ਪੋਰਸ' ਵਰਗੇ ਸਮਾਜਿਕ ਤੇ ਇਤਿਹਾਸਕ ਨਾਟਕਾਂ ਦੀ ਰਚਨਾ ਕੀਤੀ। ਜੌਸੂਆ ਫਜ਼ਲਦੀਨ ਨੇ 'ਪਿੰਡ ਦੇ ਵੈਰੀ' ਤੇ 'ਹੀਰ ਸਿਆਲ' ਨਾਟਕਾਂ ਦੀ ਰਚਨਾ ਕੀਤੀ। ਉਸ ਦੀ ਰੁੱਚੀ ਸੁਧਾਰਵਾਦੀ ਸੀ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਆਪਣੇ ਨਾਟਕਾਂ ਵਿਚ ਪੱਛਮੀ ਅਤੇ ਭਾਰਤੀ ਦੋਵਾਂ ਨਾਟ-ਪਰੰਪਰਾਵਾਂ ਦਾ ਸਹਾਰਾ ਲਿਆ ਸੀ ਪਰ ਇਹਨਾਂ ਨਾਟਕਾਂ ਨੂੰ ਬਹੁਤੀ ਸਫ਼ਲਤਾ ਹਾਸਲ ਨਾ ਹੋ ਸਕੀ।

ਨਾਟਕਕਾਰ ਬਲਵੰਤ ਗਾਰਗੀ ਨੇ ਪੰਜਾਬੀ ਨਾਟਕ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਉਸ ਨੇ ਨਾਟਕ ਦੀ ਦੁਖਾਂਤ ਪਰੰਪਰਾ ਨੂੰ ਅਪਣਾਇਆ। ਉਸ ਨੇ ਆਪਣੇ ਨਾਟਕਾਂ ਵਿਚ ਪ੍ਰਤੀਕਾਤਮਕ ਅਤੇ ਚਿੰਨ੍ਹਮਈ ਸ਼ੈਲੀ ਨੂੰ ਆਧਾਰ ਬਣਾਇਆ। ਨਾਟਕ ਵਿਚ ਸਭ ਤੋਂ ਪਹਿਲਾਂ ਪ੍ਰਤੀਕਾਂ ਦੀ ਵਰਤੋਂ ਕਰਨ ਵਾਲਾ ਨਾਟਕਕਾਰ ਬਲਵੰਤ ਗਾਰਗੀ ਹੀ ਹੈ। ਉਸ ਦੇ ਨਾਟਕਾਂ ਦੇ ਵਿਸ਼ੇ ਮੱਧ ਸ਼੍ਰੇਣਿਕ ਵਿਅਕਤੀਵਾਦ ਅਤੇ ਇਤਿਹਾਸ ਦੀ ਪੇਸ਼ਕਾਰੀ ਕਰਦੇ ਹਨ। 'ਲੋਹਾ ਕੁੱਟ', 'ਸੈਲ ਪੱਥਰ', 'ਕੇਸਰੋਂ', 'ਕਣਕ ਦੀ ਬੱਲੀ', 'ਧੂਣੀ ਦੀ ਅੱਗ', 'ਸੁਲਤਾਨ ਰਜ਼ੀਆ' ਵਰਗੇ ਸਫ਼ਲ ਨਾਟਕਾਂ ਰਾਹੀਂ ਬਲਵੰਤ ਗਾਰਗੀ ਨੇ ਰੰਗਮੰਚ ਦੀ ਦ੍ਰਿਸ਼ਟੀ ਤੋਂ ਪੰਜਾਬੀ ਨਾਟਕ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਇਆ। ਕੁੱਲ ਮਿਲਾ ਕੇ ਗਾਰਗੀ ਨੇ ਆਪਣੇ ਨਾਟਕਾਂ ਰਾਹੀਂ ਆਧੁਨਿਕ ਮਨੁੱਖ ਦੇ ਮਸਲਿਆਂ ਨੂੰ ਪੇਸ਼ ਕੀਤਾ ਹੈ।

ਡਾ. ਰੌਸ਼ਨ ਲਾਲ ਅਹੂਜਾ ਨੇ ਭੂਮੀ ਅੰਦੋਲਨ ਅਤੇ ਕਲਿੰਗਾ ਦਾ ਦੁਖਾਂਤ ਆਦਿ ਨਾਟਕਾਂ ਰਾਹੀਂ ਸਮਾਜਿਕ ਅਤੇ ਇਤਿਹਾਸਕ ਸਮੱਸਿਆਵਾਂ ਨੂੰ ਪੇਸ਼ ਕੀਤਾ। ਉਸ ਨੇ ਆਪਣੇ ਨਾਟਕਾਂ ਵਿਚ ਭਾਰਤੀ-ਨਾਟ ਪਰੰਪਰਾ ਤੇ ਯੂਨਾਨੀ ਨਾਟ-ਪਰੰਪਰਾ ਦੋਵਾਂ ਨੂੰ ਨਾਲੋ-ਨਾਲ ਅਪਣਾਇਆ।

ਪੰਜਾਬੀ ਨਾਟਕ ਦੀ ਵਿਕਾਸ ਪਰੰਪਰਾ ਵਿਚ ਗੁਰਦਿਆਲ ਸਿੰਘ ਫੁੱਲ ਨੇ 'ਧਰਤੀ ਦੀ ਜਾਈਂ', 'ਕਲਯੁਗ ਰਥ ਅਗਨ ਕਾਂ' ਅਤੇ 'ਜਿਨ ਸਚੁ ਪਲੈ ਹੋਇ' ਆਦਿ ਨਾਟਕਾਂ ਰਾਹੀਂ ਵਿਸ਼ੇਸ਼ ਯੋਗਦਾਨ ਪਾਇਆ। ਇਕ ਹੋਰ ਨਾਟਕਕਾਰ ਗੁਰਦਿਆਲ ਸਿੰਘ ਖੋਸਲਾ ਨੇ ਨਾਟਕੀ ਵਿਧਿਆਂ 'ਚ ਵੰਨ-ਸੁਵੰਨਤਾ ਲਿਆਂਦੀ। ਉਸ ਦੇ 'ਬੂਹੇ ਬੈਠੀ ਧੀਂ', 'ਮੁਰਦੇ ਦਾ ਰਾਸ਼ਨ' ਅਤੇ 'ਮਰ ਮਿਟਣ ਵਾਲੇ' ਵਰਗੇ ਨਾਟਕ ਰੰਗ-ਮੰਚ ਪੱਖੋਂ ਬਹੁਤ ਸਫ਼ਲ ਮੰਨੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਬਲਵੰਤ ਗਾਰਗੀ ਤੋਂ ਬਿਨਾ ਕਿਸੇ ਹੋਰ ਨਾਟਕਕਾਰ ਨੇ ਰੰਗ-ਮੰਚ ਉੱਪਰ ਕੋਈ ਨਵਾਂ ਪ੍ਰਯੋਗ ਨਹੀਂ ਕੀਤਾ। ਉਹ ਸਿਰਫ਼ ਯਥਾਰਥਵਾਦੀ ਰੰਗ-ਮੰਚੀ ਵਿਧੀ ਨਾਲ ਸੰਬੰਧਤ ਰਹੇ ਹਨ।

ਪਿਆਰੇ ਵਿਦਿਆਰਥੀਓ, ਪਹਿਲੀ ਪੀੜ੍ਹੀ ਦੇ ਇਹਨਾਂ ਨਾਟਕਕਾਰਾਂ ਤੋਂ ਇਲਾਵਾ ਦੂਜੀ ਪੀੜ੍ਹੀ ਦੇ ਨਾਟਕਕਾਰਾਂ ਬਾਰੇ ਸੰਕੇਤ ਮਾਤਰ ਗੱਲ ਕਰਨੀ ਵਾਜਬ ਜਾਪਦੀ ਹੈ। ਇਸ ਪੀੜ੍ਹੀ ਵਿਚ ਸੁਰਜੀਤ ਸਿੰਘ ਸੇਠੀ ਅਤੇ ਕਪੂਰ ਸਿੰਘ ਘੁੰਮਣ ਦਾ ਨਾਂ ਵਰਣਨਯੋਗ ਹੈ। ਘੁੰਮਣ ਨੇ 'ਅਤੀਤ ਦੇ ਪਰਛਾਵੇਂ' ਅਤੇ 'ਪੁਤਲੀ ਘਰ' ਆਦਿ ਨਾਟਕਾਂ ਵਿਚ ਮਨੁੱਖ ਅੰਦਰਲੀ ਮਾਨਸਿਕਤਾ ਨੂੰ ਪ੍ਰਤੀਕਾਤਮਕ ਵਿਧੀ ਰਾਹੀਂ ਪੇਸ਼ ਕੀਤਾ। ਉਸ ਨੇ ਆਪਣੇ ਨਾਟਕਾਂ ਵਿਚ ਨਵੇਂ ਪ੍ਰਯੋਗ ਕੀਤੇ ਹਨ। ਸੁਰਜੀਤ ਸਿੰਘ ਸੇਠੀ ਨੇ ਆਪਣੇ ਨਾਟਕਾਂ ਵਿਚ ਐਬਸਰਡ ਭਾਵ ਊਲ-ਜਲੂਲ ਦੀ ਵਿਧੀ ਵਰਤੋਂ 'ਚ ਲਿਆਂਦੀ ਸੀ। ਉਸ ਨੇ ਕਈ ਨਾਟਕਾਂ ਵਿਚ ਫਰਾਇਡ ਦੇ ਸਿਧਾਂਤ ਨੂੰ ਲਾਗੂ ਕੀਤਾ। ਉਸ ਦਾ ਨਾਟਕ 'ਕਿੰਗ ਮਿਰਜ਼ਾ ਤੇ ਸਪੇਰਾ' ਇਸੇ ਭਾਂਤ ਦਾ ਨਾਟਕ ਹੈ।

ਪੰਜਾਬੀ ਨਾਟਕ ਦੇ ਨਵੀਨਤਮ ਦੌਰ ਵਿਚ ਡਾ. ਚਰਨਦਾਸ ਸਿੱਧੂ, ਡਾ. ਆਤਮਜੀਤ ਅਤੇ ਅਜਮੇਰ ਸਿੰਘ ਔਲਖ ਦੀ ਦੇਣ ਕਾਫ਼ੀ ਸਲਾਹੁਣਯੋਗ ਹੈ। ਪੰਜਾਬੀ ਨਾਟਕ ਦੇ ਇਤਿਹਾਸ ਉੱਪਰ ਨਜ਼ਰ ਮਾਰਿਆਂ ਵਿਦਿਆਰਥੀਆਂ ਨੂੰ ਇਸ ਗੱਲ ਦਾ ਗਿਆਨ ਤਾਂ ਹੋ ਹੀ ਗਿਆ ਹੋਵੇਗਾ ਕਿ ਪੰਜਾਬੀ ਨਾਟਕ ਦੀ ਉਮਰ ਭਾਵੇਂ ਬਹੁਤੀ ਲੰਮੀ ਨਹੀਂ ਹੈ ਪਰ ਛੋਟੇ ਜਿਹੇ ਕਾਲ ਅੰਦਰ ਇਸ ਨੇ ਬਹੁਤ ਤਰੱਕੀ ਕਰ ਲਈ ਹੈ।

ਗੁਰਚਰਨ ਸਿੰਘ ਜਸੂਜਾ ਦਾ ਸਥਾਨ :-

ਪਿਆਰੇ ਵਿਦਿਆਰਥੀਓ, ਪੰਜਾਬੀ ਨਾਟਕ ਦੇ ਇਤਿਹਾਸ ਦੀ ਉਪਰੋਕਤ ਚਰਚਾ ਤੋਂ ਇਹ ਗੱਲ ਤਾਂ ਸਪੱਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਨਾਟਕ, ਜਿਸ ਦੀ ਸ਼ੁਰੂਆਤ ਪੱਛਮੀ ਪ੍ਰਭਾਵ ਹੇਠ ਹੋਈ, ਹੁਣ ਤੱਕ ਵਿਕਾਸ ਦੇ ਕਈ ਪੜਾਅ ਤੈਅ ਕਰ ਚੁੱਕਿਆ ਹੈ। ਨਾਟਕਕਾਰ ਪ੍ਰੋ. ਆਈ. ਸੀ. ਨੰਦਾ ਨੇ ਪੰਜਾਬੀ ਨਾਟਕ ਦੀ ਸ਼ੁਰੂਆਤ ਸਮੱਸਿਆ ਪ੍ਰਧਾਨ ਨਾਟਕਾਂ ਤੋਂ ਕੀਤੀ। ਯਥਾਰਥਵਾਦੀ ਵਿਧੀ ਰਾਹੀਂ ਨੰਦਾ ਦੇ ਨਾਟਕਾਂ ਵਿਚ ਸਮਾਜਿਕ ਬੁਰਾਈਆਂ ਨੂੰ ਸੁਧਾਰਵਾਦੀ ਨਜ਼ਰੀਏ ਤੋਂ ਪੇਸ਼ ਕੀਤਾ ਜਾਂਦਾ ਸੀ। ਨੰਦਾ ਤੋਂ ਮਗਰੋਂ ਆਏ ਨਾਟਕਕਾਰਾਂ ਨੇ ਰੰਗ-ਮੰਚ ਦੀ ਦ੍ਰਿਸ਼ਟੀ ਤੋਂ ਕਈ ਪ੍ਰਯੋਗ ਕੀਤੇ ਅਤੇ ਨਾਟਕੀ ਵਿਧੀਆਂ 'ਚ ਵਿਭਿੰਨਤਾ ਲਿਆਂਦੀ। ਦੋ-ਤਿੰਨ ਪੀੜ੍ਹੀਆਂ ਤੋਂ ਗੁਜ਼ਰਦਾ ਹੋਇਆ ਪੰਜਾਬੀ ਨਾਟਕ ਕਾਫ਼ੀ ਵਿਕਸਤ ਹੋ ਚੁੱਕਿਆ ਹੈ। ਗੁਰਚਰਨ ਸਿੰਘ ਜਸੂਜਾ ਨੂੰ ਆਧੁਨਿਕ ਕਾਲ ਦਾ ਇਕ ਪ੍ਰਸਿੱਧ ਨਾਟਕਕਾਰ ਮੰਨਿਆ ਜਾਂਦਾ ਹੈ। ਇਥੇ ਇਹ ਗੱਲ ਦੱਸ ਦੇਣੀ ਅਸੀਂ ਜ਼ਰੂਰੀ ਸਮਝਦੇ ਹਾਂ ਕਿ ਜਸੂਜਾ ਸੁਧਾਰਵਾਦੀ ਪਰੰਪਰਾ ਤੋਂ ਲੈ ਕੇ ਪ੍ਰਗਤੀਵਾਦੀ, ਪ੍ਰਯੋਗਵਾਦੀ ਅਤੇ ਨਵ-ਪ੍ਰਯੋਗਵਾਦੀ ਪੀੜ੍ਹੀ ਦਾ ਪ੍ਰਭਾਵ ਕਬੂਲਦਾ ਰਿਹਾ ਹੈ। ਇਹ ਹੀ ਕਾਰਨ ਹੈ ਕਿ ਗੁਰਚਰਨ ਸਿੰਘ ਜਸੂਜਾ ਦਾ ਨਾਂ ਵੀ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ। 'ਮੱਕੜੀ ਦਾ ਜਾਲ' ਨਾਮੀ ਆਪਣੇ ਪਹਿਲੇ ਨਾਟਕ ਨਾਲ ਜਸੂਜਾ ਨੇ ਪੰਜਾਬੀ ਨਾਟਕ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਸੀ। ਇਸ ਨਾਟਕ ਦਾ ਵਿਸ਼ਾ ਸਮਾਜਿਕ ਸਮੱਸਿਆ ਉੱਪਰ ਆਧਾਰਿਤ ਸੀ। 'ਰਚਨਾ ਰਾਮ ਬਣਾਈਂ' ਅਤੇ 'ਇਕ ਹੀਰੋ ਦੀ ਤਲਾਸ਼' ਨਾਟਕ ਜਸੂਜਾ ਦੇ ਸਫ਼ਲ ਪ੍ਰਯੋਗਵਾਦੀ ਨਾਟਕਾਂ ਦੀ ਸ਼੍ਰੇਣੀ ਵਿਚ ਰੱਖੇ ਜਾ ਸਕਦੇ ਹਨ। ਸ਼ਹਿਰੀ ਮੱਧ-ਵਰਗੀ ਜੀਵਨ ਦੀ ਭਰਪੂਰ ਜਾਣਕਾਰੀ ਹੋਣ ਕਰਕੇ ਉਸ ਨੇ ਆਪਣੇ ਨਾਟਕਾਂ ਵਿਚ ਸ਼ਹਿਰੀ ਮੱਧ-ਮਰਗੀ ਜੀਵਨ ਦੇ ਵੰਨ ਸੁਵੰਨੇ ਮਸਲਿਆਂ ਦੀ ਪੇਸ਼ਕਾਰੀ ਕੀਤੀ ਹੈ। ਉਸ ਨੇ ਨੰਦਾ ਅਤੇ ਡਾ. ਹਰਚਰਨ ਸਿੰਘ ਦੀ ਸਮਾਜਿਕ ਯਥਾਰਥਵਾਦ ਦੀ ਪਰੰਪਰਾ ਨੂੰ ਅਪਣਾਉਂਦਿਆਂ ਆਧੁਨਿਕ ਦੌਰ ਦੀਆਂ ਨਾਟਕੀ ਜੁਗਤਾਂ ਨੂੰ ਅਪਣਾ ਕੇ ਆਪਣੇ ਮਾਨਵਵਾਦੀ ਦ੍ਰਿਸ਼ਟੀਕੋਣ ਦਰਸ਼ਕਾਂ ਦੇ ਰੂ-ਬ-ਰੂ ਕੀਤੇ। ਇਸੇ ਕਰਕੇ ਜਸੂਜਾ ਨੂੰ ਸਮੇਂ ਦਾ ਹਾਣੀ ਨਾਟਕਕਾਰ ਕਿਹਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਦੇਸ਼ 'ਤੇ ਆਧਾਰਿਤ ਜਸੂਜਾ ਦਾ ਨਾਟਕ ਹੈ 'ਚੜ੍ਹਿਆ ਸੋਧਣ ਧਰਤ ਲੋਕਾਈਂ'। ਹੋਰਨਾਂ ਨਾਟਕਕਾਰਾਂ ਵਾਂਗ ਉਹ ਵੀ ਸਿੱਖ ਗੁਰੂਆਂ ਦੇ ਸੰਦੇਸ਼ ਦਾ ਪ੍ਰਚਾਰ ਕਰਦਾ ਹੈ। ਗ਼ੈਰ ਹਾਜ਼ਰ ਨਾਇਕ ਦੀ ਜੁਗਤ ਨੂੰ ਵਰਤ ਕੇ ਨਵਾਂ ਪ੍ਰਯੋਗ ਕੀਤਾ ਗਿਆ ਹੈ। ਗੁਰਚਰਨ ਸਿੰਘ ਜਸੂਜਾ ਵਿਚ ਇਹ ਗੱਲ ਬਹੁਤ ਦਿਲਚਸਪ ਹੈ ਕਿ ਉਹ ਆਪਣੇ ਨਾਟਕਾਂ ਰਾਹੀਂ ਨਿਰੰਤਰ ਪ੍ਰਯੋਗ ਕਰਦਾ ਰਿਹਾ ਹੈ। ਇਸੇ ਦ੍ਰਿਸ਼ਟੀ ਤੋਂ ਉਸ ਦਾ ਇਕ ਹੋਰ ਨਾਟਕ ਹੈ, 'ਇਕ ਹੀਰੋ ਦੀ ਤਲਾਸ਼'। ਇਸ ਵਿਚ ਇਕ ਹੋਰ ਨਾਟਕ ਅਤੇ ਨਾਟਕਕਾਰ ਦਾ ਰੰਗ-ਮੰਚ ਪੇਸ਼ ਹੁੰਦਾ ਹੈ। ਇਸ ਵਿਚ ਇਕ ਵਿਸ਼ੇਸ਼ ਪ੍ਰਕਾਰ ਦੇ ਵਿਅੰਗ ਦੀ ਸਿਰਜਣਾ ਕੀਤੀ ਗਈ ਹੈ ਤੇ ਇਸ ਲਈ ਬਹੁਤ ਵਿਅੰਗਮਈ ਭਾਸ਼ਾ ਦੀ ਵਰਤੋਂ ਕੀਤੀ ਮਿਲਦੀ ਹੈ।

ਸਾਡੀ ਉਪਰੋਕਤ ਚਰਚਾ ਤੋਂ ਇਸ ਗੱਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਦੀ ਇਤਿਹਾਸਕ ਪਰੰਪਰਾ ਵਿਚ ਨਾਟਕਕਾਰ ਗੁਰਚਰਨ ਸਿੰਘ ਜਸੂਜਾ ਨੂੰ ਵਿਸ਼ੇਸ਼ ਸਥਾਨ ਹਾਸਲ ਹੈ। ਉਹ ਪਰੰਪਰਾ ਦੇ ਨਾਲ-ਨਾਲ ਪਰਿਵਰਤਨ ਦਾ ਵੀ ਪ੍ਰਯੋਗ ਕਰਦਾ ਹੈ। ਜਸੂਜਾ ਦਾ ਮਹੱਤਵ ਇਸ ਗੱਲ ਵਿਚ ਹੈ ਕਿ ਉਸ ਨੇ ਆਪਣੇ ਨਾਵਾਂ ਵਿਚ ਨਵੇਂ ਪ੍ਰਯੋਗਾਂ ਰਾਹੀਂ ਪੰਜਾਬੀ ਨਾਟਕ ਦੇ ਖ਼ਜ਼ਾਨੇ ਵਿਚ ਭਰਪੂਰ ਵਾਧਾ ਕੀਤਾ ਹੈ।

ਗੁਰਚਰਨ ਸਿੰਘ ਜਸੂਜਾ ਦਾ ਜੀਵਨ ਤੇ ਰਚਨਾ :-

ਹੁਣ ਤੱਕ ਅਸੀਂ ਪੰਜਾਬੀ ਨਾਟਕ ਦੇ ਇਤਿਹਾਸਕ ਵੇਰਵਿਆਂ ਨਾਲ ਸੰਬੰਧਤ ਕਾਫ਼ੀ ਜਾਣਕਾਰੀ ਹਾਸਲ ਕਰ ਆਏ ਹਾਂ। ਨਾਟਕ ਦੇ ਤੱਤਾਂ ਅਤੇ ਇਤਿਹਾਸਕ ਪਰੰਪਰਾ 'ਚ ਜਸੂਜਾ ਦੇ ਸਥਾਨ ਉੱਪਰ ਵੀ ਚਰਚਾ ਕੀਤੀ ਹੈ। ਉਸ ਦਾ ਇਕ ਨਾਟਕ 'ਪਰੀਆਂ' ਸਾਡੇ ਪਾਠਕ੍ਰਮ ਦਾ ਹਿੱਸਾ ਹੈ। ਨਾਟਕ ਬਾਰੇ ਗੱਲ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜਿਸ ਲੇਖਕ ਦੀ ਰਚਨਾ ਦੀ ਅਸੀਂ ਸਮੀਖਿਆ ਕਰਨੀ ਹੈ, ਉਸ ਦੇ ਜੀਵਨ ਤੇ ਰਚਨਾ ਬਾਰੇ ਸਾਨੂੰ ਸੰਖੇਪ-ਮਾਤਰ ਜਾਣਕਾਰੀ ਹਾਸਲ

ਕਰ ਲੈਣੀ ਚਾਹੀਦੀ ਹੈ। ਇਸ ਨਾਲ ਸਾਨੂੰ ਉਸ ਦੀ ਸੰਬੰਧਤ ਰਚਨਾ ਨੂੰ ਸਮਝਣ ਵਿਚ ਹੋਰ ਮੱਦਦ ਮਿਲਦੀ ਹੈ।

ਗੁਰਚਰਨ ਸਿੰਘ ਜਸੂਜਾ ਦਾ ਜਨਮ ਸਰਦਾਰ ਮੋਹਨ ਸਿੰਘ ਜਸੂਜਾ ਦੇ ਘਰ 1 ਮਈ 1925 ਨੂੰ ਅੰਮ੍ਰਿਤਸਰ ਵਿਖੇ ਹੋਇਆ। ਵਿੱਦਿਆ ਦੇ ਖੇਤਰ 'ਚ ਉਸ ਨੇ ਐਮ. ਏ. ਦੀ ਡਿਗਰੀ ਹਾਸਲ ਕੀਤੀ। ਪੇਸ਼ੇ ਪੱਖੋਂ ਜਸੂਜਾ ਦੀ ਜ਼ਿੰਦਗੀ ਵਿਚ ਬਹੁਤ ਸਾਰੇ ਮੋੜ ਆਏ। ਉਸ ਨੇ ਆਪਣੇ ਕਿੱਤੇ ਦੀ ਸ਼ੁਰੂਆਤ ਇਕ ਕਲਰਕ ਦੀ ਨੌਕਰੀ ਤੋਂ ਕੀਤੀ। ਪਰ ਥੋੜ੍ਹੀ ਦੇਰ ਬਾਅਦ ਇਹ ਨੌਕਰੀ ਛੱਡ ਕੇ ਜਸੂਜਾ ਨੇ ਅਧਿਆਪਕ ਦੀ ਨੌਕਰੀ ਕਰ ਲਈ ਪਰ ਇਕ ਬੈਂਕ ਦੀ ਨੌਕਰੀ ਮਿਲਣ ਮਗਰੋਂ ਉਸ ਨੇ ਅਧਿਆਪਕ ਦੀ ਨੌਕਰੀ ਛੱਡ ਦਿੱਤੀ। ਇਹ ਨੌਕਰੀ ਵੀ ਉਸ ਨੂੰ ਰਾਸ ਨਾ ਆਈ ਤੇ ਇਸ ਨੂੰ ਛੱਡ ਕੇ ਉਸਨੇ 'ਲਿਖਾਰੀ' ਮਾਸਿਕ ਪੱਤਰ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਪਰ ਮਾਲੀ ਮੰਦਹਾਲੀ ਦਾ ਸ਼ਿਕਾਰ ਇਸ ਰਸਾਲੇ ਦੇ ਬੰਦ ਹੋ ਜਾਣ ਉਪਰੰਤ ਜਸੂਜਾ ਨੇ 'ਖ਼ਾਲਸਾ ਸਮਾਚਾਰ' ਅਖ਼ਬਾਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸ਼ਾਇਦ ਜਸੂਜਾ ਦੀ ਜ਼ਿੰਦਗੀ ਵਿਚ ਹੋਰ ਭਟਕਣ ਸੀ। ਦਰ-ਦਰ ਦੀਆਂ ਠੋਕਰਾਂ ਖਾਣ ਮਗਰੋਂ ਉਸ ਨੂੰ ਰੋਜ਼ੀ-ਰੋਟੀ ਲਈ ਦਿੱਲੀ ਆਉਣਾ ਪਿਆ। ਇਥੇ ਉਸ ਨੇ ਦੁਕਾਨਦਾਰੀ ਤੇ ਕਾਰਖ਼ਾਨੇਦਾਰੀ ਦਾ ਕੰਮ ਕੀਤਾ। ਆਖ਼ਿਰ ਵਿਚ ਉਸ ਨੇ ਇਕ ਕੰਪਨੀ ਵਿਚ ਸੈਕਟਰੀ ਦਾ ਅਹੁਦਾ ਸੰਭਾਲ ਲਿਆ। ਉਸ ਵਲੋਂ ਕੀਤੀ ਏ. ਸੀ. ਐਮ. ਡਿਗਰੀ ਉਸ ਦੀ ਇਸ ਨੌਕਰੀ ਲੈਣ 'ਚ ਕਾਫ਼ੀ ਮੱਦਦਗਾਰ ਸਿੱਧ ਹੋਈ ਸੀ।

ਇੰਝ ਪ੍ਰਤੀਤ ਹੁੰਦਾ ਹੈ ਕਿ ਗੁਰਚਰਨ ਸਿੰਘ ਜਸੂਜਾ ਦੀ ਔਕੜਾਂ ਭਰੀ ਜ਼ਿੰਦਗੀ ਅਤੇ ਲੰਮੇ ਸੰਘਰਸ਼ ਕਾਰਨ ਉਸ ਨੂੰ ਜ਼ਮਾਨੇ ਵਿਚ ਆਰਥਿਕ ਤੇ ਸਮਾਜਿਕ ਮਸਲੇ ਸਮਝ ਆਉਣ ਲੱਗੇ। ਭਾਵੇਂ ਉਹ ਸ਼ੌਕੀਆ ਤੌਰ 'ਤੇ ਨਾਟਕ ਨਾਲ ਜੁੜਿਆ ਪਰ ਆਖ਼ਿਰਕਾਰ ਉਹ ਇਕ ਪ੍ਰਤਿਬੱਧ ਨਾਟਕਕਾਰ ਵਜੋਂ ਉਭਰ ਕੇ ਸਾਹਮਣੇ ਆਇਆ। ਉਸ ਨੇ ਨਾਟਕਾਂ ਦੇ ਨਾਲ-ਨਾਲ ਇਕਾਂਗੀ ਸੰਗ੍ਰਹਿ ਵੀ ਪੰਜਾਬੀ ਨਾਟਕ ਸਾਹਿਤ ਦੀ ਝੋਲੀ ਪਾਏ ਹਨ। ਜਸੂਜਾ ਦੀਆਂ ਨਾਂਟਕੀ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :-

ਗਉ ਮੁਖਾ ਸ਼ੇਰ ਮੁਖਾ (1955), ਮੱਕੜੀ ਦਾ ਜਾਲ (1957), ਚਾਰ ਦੀਵਾਰੀ (1964), ਪਛਤਾਵਾ (1965), ਅੰਧਕਾਰ (1968), ਚੜ੍ਹਿਆ ਸੋਧਣ ਧਰਤ ਲੋਕਾਈ (1969), ਕੰਧਾਂ ਰੇਤ ਦੀਆਂ (1973), ਆਪ ਬੀਤੀ ਜੱਗ ਬੀਤੀ (1975), ਇਕ ਹੀਰੋ ਦੀ ਤਲਾਸ਼ (1977), ਰਚਨਾ ਰਾਮ ਬਣਾਈ (1977), ਉਮਰਾ ਲੰਮੀ ਦੌੜ (1980), ਜੰਗਲ (1986), ਪਰੀਆਂ (2002)।

ਕੁੱਲ ਮਿਲਾ ਕੇ ਜਸੂਜਾ ਨੇ ਇਕ ਦਰਜਨ ਤੋਂ ਵੱਧ ਨਾਟਕਾਂ ਦੀ ਰਚਨਾ ਕੀਤੀ ਹੈ। 'ਪਾਰਸ ਦੀ ਛੋਹ' ਨਾਂ ਦਾ ਇਕ ਕਾਵਿ-ਨਾਟਕ ਵੀ ਰਚਿਆ ਹੈ। ਆਧੁਨਿਕ ਸਮੇਂ ਦੇ ਇਕਾਂਗੀਕਾਰਾਂ ਵਿਚ ਵੀ ਜਸੂਜਾ ਦਾ ਨਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ। ਉਸ ਨੇ 'ਪਛਤਾਵਾ', 'ਆਪ ਬੀਤੀ ਜੱਗ ਬੀਤੀ', ਅਤੇ 'ਸਿਖ਼ਰ ਦੁਪਹਿਰ ਤੇ ਹਨੇਰਾ' ਇਕਾਂਗੀ ਸੰਗ੍ਰਹਿ ਵੀ ਪੰਜਾਬੀ ਸਾਹਿਤ ਨੂੰ ਸਪੁਰਦ ਕੀਤੇ ਹਨ। ਜਸੂਜਾ ਨੂੰ ਇਹ ਮਾਣ ਹਾਸਲ ਹੈ ਕਿ ਉਸ ਦੇ ਨਾਟਕ ਰੰਗ-ਮੰਚ ਅਤੇ ਰੇਡੀਓ ਤੋਂ ਸਫ਼ਲਤਾਪੂਰਵਕ ਖੇਡੇ ਗਏ ਹਨ। ਉਸ ਦੇ ਨਾਟਕ 'ਗਉ ਮੁਖਾ ਸ਼ੇਰ ਮੁਖਾਂ' ਨੂੰ 1954 'ਚ ਆਲ ਇੰਡੀਆ ਰੇਡੀਓ ਵਲੋਂ ਪਹਿਲਾ ਇਨਾਮ ਮਿਲਿਆ ਸੀ। ਇਹ ਹੀ ਨਾਟਕ ਰੂਸੀ ਭਾਸ਼ਾ ਵਿਚ ਵੀ ਅਨੁਵਾਦ ਕਰ ਕੇ ਛਾਪਿਆ ਗਿਆ।

ਇਉਂ ਇਕ ਲੰਮੇ ਸਮੇਂ ਤੱਕ ਨਾਟਕ ਖੇਤਰ ਵਿਚ ਸਰਗਰਮ ਰਹਿਣ ਵਾਲੇ ਨਾਟਕਕਾਰ ਗੁਰਚਰਨ ਸਿੰਘ ਜਸੂਜਾ ਇਕ ਬਹੁਤ ਹੀ ਸਾਧਾਰਨ ਕਿਸਮ ਦਾ ਵਿਅਕਤੀ ਸੀ। ਉਸਨੂੰ ਆਪਣੀਆਂ ਰਚਨਾਵਾਂ ਦੀ ਆਲੋਚਨਾ ਪੜ੍ਹ ਸੁਣ ਕੇ ਪ੍ਰਸੰਨਤਾ ਹੁੰਦੀ ਸੀ। ਉਸਨੇ ਪੂਰੀ ਤਨਦੇਹੀ ਅਤੇ ਵਚਨਬੱਧਤਾ ਨਾਲ ਨਾਟਕ ਦੇ ਖੇਤਰ 'ਚ ਆਪਣਾ ਯੋਗਦਾਨ ਪਾਇਆ। ਇਸ ਲਈ ਉਸ ਦਾ ਨਾਂ ਪੰਜਾਬੀ ਦੇ ਸਿਰਕੱਢ ਨਾਟਕਕਾਰਾਂ 'ਚ ਸ਼ਾਮਲ ਹੋ ਜਾਂਦਾ ਹੈ।

ਨਾਟ ਕਲਾ ਦੇ ਪੱਖ ਤੋਂ ਜਸੂਜਾ ਦਾ ਯੋਗਦਾਨ :-

ਗੁਰਚਰਨ ਸਿੰਘ ਜਸੂਜਾ ਪੰਜਾਬੀ ਨਾਟਕ ਦੇ ਖੇਤਰ 'ਚ ਆਪਣੀ ਵੱਖਰੇ ਕਿਸਮ ਦੀ ਨਾਟ-ਯੋਗਤਾ ਦਾ ਧਾਰਨੀ ਹੈ। ਇਸ ਵਿਸ਼ੇ ਅਧੀਨ ਅਸੀਂ ਜਸੂਜਾ ਦੀ ਸਮੁੱਚੀ ਨਾਟ ਰਚਨਾ ਦੇ ਆਧਾਰ 'ਤੇ ਉਸ ਦੀ ਨਿਵੇਕਲੀ ਨਾਟ-ਕਲਾ ਦਾ ਲੇਖਾ-ਜੋਖਾ ਕਰਨਾ ਚਾਹੁੰਦੇ ਹਾਂ। 'ਪਰੀਆਂ' ਨਾਟਕ ਬਾਰੇ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਜਸੂਜਾ ਨੇ ਨਾਟ-ਕਲਾ ਦੇ ਪੱਖ ਤੋਂ ਕਿਸ ਭਾਂਤ ਦੇ ਨਾਟਕਾਂ ਦੀ ਰਚਨਾ ਕੀਤੀ। ਉਸ ਵਲੋਂ ਕੀਤੇ ਗਏ ਨਵੇਂ ਪ੍ਰਯੋਗਾਂ, ਵਰਤੀਆਂ ਗਈਆਂ ਵਿਉਂਤਾਂ, ਜੁਗਤਾਂ ਜਾਂ ਵਿਧੀਆਂ ਦਾ ਪਤਾ ਹੋਣਾ ਵੀ ਲਾਜ਼ਮੀ ਹੈ। ਹੁਣ ਤੱਕ ਅਸੀਂ ਇਹ ਜਾਣ ਚੁੱਕੇ ਹਾਂ ਕਿ ਜਸੂਜਾ ਕਿਸੇ ਇਕ ਪਰੰਪਰਾ ਨਾਲ ਬੱਝ ਕੇ ਨਹੀਂ ਰਹਿ ਸਕਿਆ। ਆਪਣੇ ਪਹਿਲੇ ਅਤੇ ਸਮਕਾਲੀ ਨਾਟਕਕਾਰਾਂ ਦੀ ਪਰੰਪਰਾ ਅਨੁਸਾਰ ਜਸੂਜਾ

ਨੇ 'ਮੱਕੜੀ ਦਾ ਜਾਲ' ਨਾਮੀ ਨਾਟਕ ਰਾਹੀਂ ਸਮਾਜਿਕ ਬੁਰਾਈਆਂ ਨੂੰ ਦਰਸਾਇਆ ਹੈ। ਮੱਕੜੀ ਦੇ ਜਾਲ ਨੂੰ ਉਸ ਨੇ ਇਕ ਪ੍ਰਤੀਕ ਵਜੋਂ ਵਰਤਿਆ। ਸਮਕਾਲੀ ਸਮਾਜਕ ਪ੍ਰਬੰਧ ਉੱਪਰ ਕਟਾਖ਼ਸ਼ ਕੀਤਾ। ਇਸੇ ਤਰ੍ਹਾਂ ਦੇ ਇਕ ਹੋਰ ਨਾਟਕ 'ਕੰਧਾਂ ਰੇਤ ਦੀਆਂ' ਰਾਹੀਂ ਉਸ ਨੇ ਇਮਾਰਤਸਾਜ਼ੀ ਨਾਲ ਸੰਬੰਧਿਤ ਕੰਮਾਂ 'ਚ ਹੁੰਦੇ ਘਪਲਿਆਂ ਦਾ ਪਰਦਾਫਾਸ਼ ਕੀਤਾ ਹੈ। ਇਹਨਾਂ ਨਾਟਕਾਂ ਵਿਚ ਸਮਾਜਿਕ ਯਥਾਰਥਵਾਦ ਅਗਰਭੂਮਣ ਗ੍ਰਹਿਣ ਕਰਦਾ ਹੈ।

ਨਾਟਕ ਕਲਾ ਦੇ ਪੱਖ ਤੋਂ ਜਸੂਜਾ ਦਾ 'ਅੰਧਕਾਰ' ਨਾਟਕ ਵਰਨਣਯੋਗ ਹੈ। ਇਸ ਦੀ ਕਥਾ-ਵਸਤੂ ਵਹਿਮਾਂ-ਭਰਮਾਂ ਉੱਪਰ ਵਿਅੰਗ ਕੱਸਦੀ ਹੈ। ਹਸਤ ਰੇਖਾਵਾਂ ਅਤੇ ਜੋਤਿਸ਼ ਵਿੱਦਿਆ ਦਾ ਮਾਹੌਲ ਇਕ ਕਲਾਤਮਕ ਜੁਗਤ ਵਾਂਗ ਉਸਰਦਾ ਹੈ। 'ਅੰਧਕਾਰ' ਇਕ ਪ੍ਰਤੀਕ ਬਣ ਕੇ ਉੱਭਰਦਾ ਹੈ। ਇਥੇ ਨਾਟਕਕਾਰ ਲੋਕਾਂ ਦੇ ਭਰਮ-ਭੁਲੇਖੇ ਖ਼ਤਮ ਕਰ ਕੇ ਉਹਨਾਂ ਵਿਚ ਹਿੰਮਤ ਪੈਦਾ ਕਰਨ ਦੇ ਆਹਰ ਵਿਚ ਹੈ।

ਦਾਰਸ਼ਨਿਕ ਪੱਖ ਤੋਂ ਜਸੂਜਾ ਦਾ ਨਾਟਕ 'ਇਕ ਹੀਰੇ ਦੀ ਤਲਾਸ਼' ਬਹੁਤ ਮਹੱਤਵਪੂਰਨ ਹੈ। ਇਸ ਨਾਟਕ ਦੀ ਵਿਧੀ ਉਸ ਦੇ ਨਾਟਕ 'ਰਚਨਾ ਰਾਮ ਬਣਾਈ' ਨਾਲ ਮਿਲਦੀ ਜੁਲਦੀ ਹੈ। ਇਸ ਨਾਟਕ ਵਿਚ ਉਸ ਨੇ ਗੁਰੂ ਸੰਦੇਸ਼ ਨੂੰ ਨਾਟਕੀ ਵਿਧੀ ਰਾਹੀਂ ਪੇਸ਼ ਕਰਨ ਲਈ ਇਕ ਨਵਾਂ ਪ੍ਰਯੋਗ ਕਰਨ ਦਾ ਉਪਰਾਲਾ ਕੀਤਾ ਹੈ ਕਿਉਂਕਿ ਗੁਰੂ ਸਾਹਿਬਾਨ ਦੇ ਕਿਰਦਾਰ ਨੂੰ ਕਿਸੇ ਨਾਟਕ ਵਿਚ ਪੇਸ਼ ਕਰਨ ਦੀ ਮਨਾਹੀ ਹੈ, ਇਸ ਲਈ ਜਸੂਜਾ ਨੇ ਦੂਸਰੇ ਨਾਟਕਕਾਰਾਂ ਵਾਂਗ ਇਕ ਗ਼ੈਰ ਹਾਜ਼ਰ ਨਾਇਕ ਦੇ ਸੰਕਲਪ ਰਾਹੀਂ ਇਸ ਸਮੱਸਿਆ ਦਾ ਹੱਲ ਤਲਾਸ਼ ਲਿਆ। 'ਚੜ੍ਹਿਆ ਸੋਧਣ ਧਰਤਿ ਲੋਕਾਈਂ' ਨਾਟਕ ਨੇ ਵੀ ਜਸੂਜਾ ਦੀ ਨਾਟਕ ਕਲਾ 'ਚ ਹੋਰ ਨਿਖਾਰ ਲਿਆਂਦਾ।

ਪੂਰੇ ਨਾਟਕਾਂ ਦੇ ਨਾਲ-ਨਾਲ ਜਸੂਜਾ ਦੇ ਇਕਾਂਗੀ ਨਾਟਕ ਵੀ ਸਫ਼ਲਤਾਪੂਰਵਕ ਖੇਡੇ ਗਏ। ਉਸ ਦਾ ਇਕਾਂਗੀ 'ਗਊ ਮੁਖਾ ਸ਼ੇਰ ਮੁਖਾਂ ਮਕਾਨਾਂ ਦੀ ਦਲਾਲੀ ਦਾ ਕਾਰੋਬਾਰ ਕਰਨ ਵਾਲੇ ਉਹਨਾਂ ਸਵਾਰਥੀ ਲੋਕਾਂ 'ਤੇ ਕਟਾਖ਼ਸ਼ ਹੈ ਜੋ ਲੋਕਾਂ ਨੂੰ ਮਕਾਨ ਦੀ ਖਰੀਦੋ-ਫ਼ਰੋਖ਼ਤ ਵਿਚ ਮਕਾਨ ਦਾ ਅਕਾਰ ਗਊ ਵਰਗਾ ਜਾਂ ਸ਼ੇਰ ਵਰਗਾ ਹੋਣ ਤੇ ਭਰਮ ਭੁਲੇਖਿਆਂ ਦਾ ਸ਼ਿਕਾਰ ਬਣਾ ਕੇ ਨਫ਼ਾ ਕਮਾਉਂਦੇ ਹਨ। ਇਉਂ ਇਸ ਨਾਟਕ ਦਾ ਥੀਮ ਬਹੁਤ ਅਰਥ ਭਰਪੂਰ ਹੈ। ਇਸ ਗੱਲ ਦਾ ਸਬੂਤ ਇਸ ਨਾਟਕ ਨੂੰ ਆਲ ਇੰਡੀਆ ਰੇਡੀਓ ਵਲੋਂ ਪਹਿਲਾ ਪੁਰਸਕਾਰ ਦੇਣਾ ਅਤੇ ਇਸ ਦਾ ਰੂਸੀ ਭਾਸ਼ਾ ਵਿਚ ਅਨੁਵਾਦ ਹੋ ਕੇ ਪ੍ਰਕਾਸ਼ਿਤ ਹੋਣਾ ਹੈ।

ਪਿਆਰੇ ਵਿਦਿਆਰਥੀਓ, ਹੁਣ ਤੱਕ ਕੀਤੀ ਚਰਚਾ ਤੋਂ ਇਹ ਸਪੱਸ਼ਟ ਹੋ ਚੁੱਕਿਆ ਹੈ ਕਿ ਜਸੂਜਾ ਨੇ ਵੱਖ-ਵੱਖ ਨਾਟ ਪ੍ਰਯੋਗਾਂ ਜਾਂ ਵਿਧੀਆਂ ਰਾਹੀਂ ਸਮਾਜਿਕ ਸਮੱਸਿਆਵਾਂ ਦੇ ਵਿਸ਼ੇ ਨੂੰ ਆਪਣੀਆਂ ਨਾਟ-ਰਚਨਾਵਾਂ ਰਾਹੀਂ ਦਰਸਾਇਆ। ਇਸ ਤੋਂ ਇਲਾਵਾ ਉਸਨੇ ਇਤਿਹਾਸ ਨੂੰ ਵੀ ਆਪਣਾ ਵਿਸ਼ਾ-ਵਸਤੂ ਬਣਾਇਆ ਹੈ। ਪਾਤਰ ਉਸਾਰੀ ਪੱਖੋਂ ਵੀ ਜਸੂਜਾ ਵਿਚ ਢੁੱਕਵੇਂ ਪਾਤਰਾਂ ਦੀ ਚੋਣ ਕਰਨ ਦੀ ਸਮਰੱਥਾ ਮੌਜੂਦ ਹੈ। ਔਰਤ ਪਾਤਰਾਂ ਦੀ ਚੋਣ ਵੀ ਜਸੂਜਾ ਯਥਾਰਥਕ ਪੱਧਰ ਉੱਪਰ ਹੀ ਕਰਦਾ ਹੈ। ਸਾਡੇ ਵਿਚਾਰ ਅਧੀਨ ਨਾਟਕ 'ਪਰੀਆਂ' ਵਿਚ ਵੀ ਉਸ ਨੇ ਜੀਵਨ ਦੇ ਯਥਾਰਥ 'ਚੋਂ ਹੀ ਔਰਤ ਪਾਤਰਾਂ ਦੀ ਚੋਣ ਕੀਤੀ ਹੈ। 'ਗਊ ਮੁਖਾ ਸ਼ੇਰ ਮੁਖਾਂ' ਨਾਟਕ ਦਾ ਕਿਰਦਾਰ ਪ੍ਰਾਪਰਟੀ ਡੀਲਰ ਸਾਡੇ ਰੋਜ਼ਾਨਾ ਜੀਵਨ ਵਿਚ ਰੂ-ਬ-ਰੂ ਹੋਣ ਵਾਲਾ ਪਾਤਰ ਹੈ।

ਕਥਾ ਅਤੇ ਕਥਾਨਕ ਪੱਖ ਤੋਂ ਵੀ ਜਸੂਜਾ ਵਿਸ਼ੇਸ਼ ਸੂਝ-ਬੂਝ ਦਾ ਧਾਰਨੀ ਹੈ। ਸਰਲ ਅਤੇ ਇਕਹਿਰੇ ਕਥਾਨਕ ਦੀ ਉਸਾਰੀ ਦੇ ਬਾਵਜੂਦ ਜਸੂਜਾ ਦੇ ਨਾਟਕ ਸਫ਼ਲਤਾਪੂਰਵਕ ਖੇਡੇ ਜਾਂਦੇ ਹਨ। ਪ੍ਰਤੀਕਾਂ ਦੀ ਵਰਤੋਂ ਰਾਹੀਂ ਨਾਟਕਕਾਰ ਜਸੂਜਾ ਆਪਣੇ ਨਾਟਕਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ। ਉਪਰੋਕਤ ਚਰਚਾ ਉਪਰੰਤ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਨਾਟਕਕਾਰ ਗੁਰਚਰਨ ਸਿੰਘ ਜਸੂਜਾ ਨੇ ਇਕ ਨਿਵੇਕਲੀ ਕਿਸਮ ਦੀ ਨਾਟ-ਕਲਾ ਦਾ ਪ੍ਰਗਟਾਵਾ ਕੀਤਾ ਹੈ।

ਪਰੀਆਂ - ਕਥਾ-ਸਾਰ :-

ਪਿਆਰੇ ਵਿਦਿਆਰਥੀਓ, ਇਸ ਪਾਠ ਵਿਚ ਅਸੀਂ ਸਾਡੇ ਪਾਠਕ੍ਰਮ 'ਚ ਸ਼ਾਮਲ ਨਾਟਕ 'ਪਰੀਆਂ' ਦੇ ਮੂਲ-ਪਾਠ ਦੇ ਕਥਾ-ਸਾਰ ਨਾਲ ਰੂ-ਬ-ਰੂ ਹੋਵਾਂਗੇ ਪਰ ਇਸ ਤੋਂ ਪਹਿਲਾਂ ਸਾਰੇ ਵਿਦਿਆਰਥੀਆਂ ਨੂੰ ਮੇਰਾ ਇਹ ਸੁਝਾਅ ਹੈ ਕਿ ਉਹ 'ਪਰੀਆਂ' ਨਾਟਕ ਦੇ ਮੂਲ ਪਾਠ ਨੂੰ ਜ਼ਰੂਰ ਪੜ੍ਹ ਲੈਣ। ਇਸ ਉਪਰੰਤ ਤੁਸੀਂ ਕਥਾ-ਸਾਰ ਨੂੰ ਪੜ੍ਹਨ ਨਾਲ ਨਾਟਕ ਨੂੰ ਹੋਰ ਗੰਭੀਰਤਾ ਨਾਲ ਸਮਝਣ ਦੇ ਯੋਗ ਹੋ ਜਾਵੋਗੇ। ਅਜਿਹਾ ਕਰਨ ਨਾਲ ਤੁਹਾਡੇ ਅੰਦਰ ਹਰ ਸਵਾਲ ਦਾ ਜਵਾਬ ਦੇਣ ਦੀ ਯੋਗਤਾ ਵੀ ਵਧੇਗੀ। ਇਸ ਨਾਟਕ ਦਾ ਕਥਾ-ਸਾਰ ਦੇਣ ਮਗਰੋਂ ਅਸੀਂ ਇਮਤਿਹਾਨ ਵਿਚ ਪੁੱਛੇ ਜਾਣ ਵਾਲੇ ਸਵਾਲਾਂ ਦੇ ਉੱਤਰ ਉੱਪਰ

ਚਰਚਾ ਕਰਾਂਗੇ।

ਪੰਜ ਅੰਕਾਂ ਵਾਲੇ ਨਾਟਕ 'ਪਰੀਆਂ' ਦਾ ਸੰਬੰਧ ਨਾਰੀ ਦੀਆਂ ਸਮੱਸਿਆਵਾਂ ਅਤੇ ਉਸ ਦੇ ਸਮਾਜ ਨਾਲ ਟਕਰਾਓ ਨਾਲ ਹੈ। ਇਸ ਨਾਟਕ ਦੇ ਆਰੰਭ ਵਿਚ ਅਸੀਂ ਲਲਿਤ ਸੇਠ ਦੇ ਦਫ਼ਤਰ 'ਲਲਿਤ ਐਂਡ ਕੰਪਨੀ' ਦਾ ਦ੍ਰਿਸ਼ ਵੇਖਦੇ ਹਾਂ। ਦਫ਼ਤਰ 'ਚੋਂ ਕੁਝ ਮੁਲਾਜ਼ਮ ਗ਼ੈਰ-ਹਾਜ਼ਰ ਹਨ, ਕੁਝ ਥੋੜੇ ਸਮੇਂ ਲਈ ਛੁੱਟੀ 'ਤੇ ਗਏ ਹੋਏ ਹਨ ਅਤੇ ਮਨੀਸ਼ਾ ਨੇ ਅਸਤੀਫ਼ਾ ਦੇ ਦਿੱਤਾ ਹੈ। ਲਲਿਤ ਸੇਠ ਦਾ ਵਕਾਰ ਇਸ ਤਰ੍ਹਾਂ ਦਾ ਹੈ ਕਿ ਉਹ ਮਨੀਸ਼ਾ ਵਰਗੀਆਂ ਭੋਲੀਆਂ-ਭਾਲੀਆਂ ਕੁੜੀਆਂ ਦਾ ਸ਼ੋਸ਼ਣ ਕਰਨ ਲਈ ਬਦਨਾਮ ਹੈ। ਰਾਮ ਰਤਨ ਵਰਗੇ ਮਰਦ ਮੁਲਾਜ਼ਮ ਆਰਥਿਕ ਤੌਰ 'ਤੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ। ਲਲਿਤ ਸੇਠ ਉਸ ਨੂੰ ਨੌਕਰੀ ਦੇ ਆਖ਼ਿਰੀ ਦੌਰ 'ਚ ਹਟਾਉਣ ਦਾ ਆਦੇਸ਼ ਦਿੰਦਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਦਫ਼ਤਰੀ ਕੰਮ-ਕਾਜ ਵਿਚ ਔਰਤਾਂ ਦੇ ਸ਼ੋਸ਼ਣ ਅਤੇ ਲਾਪਰਵਾਹੀ ਦਾ ਮਾਹੌਲ ਹੈ। ਲਲਿਤ ਸੇਠ ਦੇ ਕੇਸ ਵਿਚ ਫ਼ਸ ਜਾਣ ਮਗਰੋਂ ਉਸ ਵਲੋਂ ਮੁਲਾਜ਼ਮਾਂ ਨੂੰ ਉਸ ਦੇ ਉਸ ਦਿਨ ਦਫ਼ਤਰ ਵਿਚ ਹਾਜ਼ਰ ਨਾ ਹੋਣ ਬਾਰੇ ਕਿਸੇ ਨੂੰ ਨਾ ਦੱਸਣ ਦੇ ਦਿੱਤੇ ਆਦੇਸ਼ ਤੋਂ ਲਲਿਤ ਸੇਠ ਵਰਗੇ ਉੱਚ-ਅਹੁਦੇ 'ਤੇ ਬੈਠੇ ਲੋਕਾਂ ਦੇ ਝੂਠ ਦਾ ਪਰਦਾਫ਼ਾਸ਼ ਹੁੰਦਾ ਹੈ। ਨਾਟਕ ਦੇ ਪਹਿਲੇ ਅੰਕ ਵਿਚ ਸਾਨੂੰ ਰਮੇਸ਼, ਮਿਸਿਜ਼ ਮਹਿਤਾ ਅਤੇ ਜਗਦੀਸ਼ ਦੀ ਗੱਲਬਾਤ ਤੋਂ ਰਾਜੀ ਤੇ ਮੋਹਣੀ ਦੇ ਪਰੀਆਂ ਬਣ ਜਾਣ ਦਾ ਪਤਾ ਚਲਦਾ ਹੈ। ਇਥੇ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਪੱਕਾ ਰੰਗ ਹੋਣ ਕਾਰਨ ਵਰਸ਼ਾ ਦਾ ਵਿਆਹ ਨਹੀਂ ਹੋ ਰਿਹਾ। ਵਰਸ਼ਾ ਨੂੰ ਵੇਖਣ ਵਾਲੇ ਮੁੰਡੇ ਉਸ ਦੇ ਪੱਕੇ ਰੰਗ ਕਾਰਨ ਕਈ ਵਾਰੀ ਨਾ-ਪਸੰਦ ਕਰ ਚੁੱਕੇ ਹਨ। ਵਰਸ਼ਾ ਆਪਣੀ ਇਸ ਬੇ-ਇੱਜ਼ਤੀ ਤੋਂ ਪਰੇਸ਼ਾਨ ਹੋ ਕੇ ਬਾਗ਼ੀ ਹੋ ਜਾਂਦੀ ਹੈ ਅਤੇ ਇੰਜੀਨੀਅਰ ਮੁੰਡੇ ਦੇ ਘਰ ਵਾਲਿਆਂ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੰਦੀ ਹੈ। ਉਸ ਦੇ ਪਰ ਨਿਕਲਣ ਉਪਰੰਤ ਉਹ ਪਰੀ ਬਣ ਜਾਂਦੀ ਹੈ। ਪਰੀ ਬਣ ਜਾਣ ਮਗਰੋਂ ਮੁੰਡਾ ਅਤੇ ਉਸ ਦੀ ਮਾਂ ਵਿਆਹ ਲਈ ਰਾਜ਼ੀ ਹੋ ਜਾਂਦੇ ਹਨ। ਇਥੇ ਨਾਟਕਕਾਰ ਨੇ ਵਿਆਹ ਦੌਰਾਨ ਦਹੇਜ ਪ੍ਰਥਾ ਉੱਪਰ ਕਟਾਖ਼ਸ਼ ਕੀਤਾ ਹੈ। ਇਸੇ ਸਮੱਸਿਆ ਦਾ ਪਾਸਾਰ ਨਾਟਕ ਦੇ ਅਗਲੇ ਹਿੱਸੇ 'ਚ ਹੁੰਦਾ ਹੈ, ਜਦੋਂ ਰਮੇਸ਼ ਦੀ ਪਤਨੀ ਸਹੁਰਿਆਂ ਨਾਲ ਨਾਰਾਜ਼ ਹੋ ਕੇ ਆਪਣੇ ਪੇਕੇ ਘਰ ਆ ਜਾਂਦੀ ਹੈ। ਉਧਰ ਮਿਸਿਜ਼ ਮਹਿਤਾ ਦੀ ਧੀ ਚੰਦਰਕਾ ਵੀ ਸਹੁਰਿਆਂ ਨਾਲ ਰੁੱਸ ਕੇ ਆਪਣੇ ਪੇਕੇ ਘਰ ਬੈਠੀ ਹੋਈ ਹੈ। ਇਥੇ ਰਮੇਸ਼ ਅਤੇ ਮਿਸਿਜ਼ ਮਹਿਤਾ ਦੋਵਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ।

ਦੂਜੇ ਅੰਕ ਵਿਚ ਲਲਿਤ ਸੇਠ ਦੀਆਂ ਕਰਤੂਤਾਂ ਦਾ ਪਰਦਾ ਫਾਸ਼ ਹੁੰਦਾ ਹੈ। ਉਹ ਮਨੀਸ਼ਾ ਦਾ ਆਪਣੇ ਵਪਾਰ ਲਈ ਸ਼ੋਸ਼ਣ ਕਰਦਾ ਹੈ। ਉਹ ਉਸ ਨੂੰ ਮਿਸਟਰ ਸਤਨਾਜਾ ਵਰਗੇ ਵਪਾਰੀਆਂ ਕੋਲ ਭੇਜਣ ਤੋਂ ਇਲਾਵਾ ਆਪ ਵੀ ਉਸ ਨਾਲ ਸਰੀਰਕ ਤੌਰ 'ਤੇ ਵਧੀਕੀਆਂ ਕਰਦਾ ਹੈ। ਨਾਟਕ ਦੀ ਕਥਾ ਵਿਚ ਨਾਰੀ ਸ਼ੋਸ਼ਣ ਤੇ ਹੋਰ ਬਹੁਤ ਸਾਰੇ ਵੇਰਵੇ ਮੌਜੂਦ ਹਨ। ਮਨੀਸ਼ਾ ਦੀ ਮਾਸੀ ਦਾ ਰੇਪ, ਰਾਜੀ ਦੇ ਪਿਤਾ ਵਲੋਂ ਉਸ ਦੀ ਮਾਂ ਦੇ ਹੁੰਦਿਆਂ ਇਕ ਹੋਰ ਔਰਤ ਲੈ ਕੇ ਆਉਣਾ, ਰਾਜੀ ਤੇ ਮੋਚਣੀ ਨਾਲ ਗਲੀ ਦੇ ਮੁੰਡਿਆਂ ਵਲੋਂ ਛੇੜ-ਛਾੜ ਕਰਨਾ ਅਤੇ ਮਿਸਿਜ਼ ਮਹਿਤਾ ਦੇ ਆਵਾਰਾਗਰਦ ਤੇ ਕਾਤਲ ਪਤੀ ਵਲੋਂ ਉਸ ਦਾ ਸ਼ੋਸ਼ਣ ਕਰਨਾ ਸਮਾਜ ਵਿਚ ਜਾਰੀ ਨਾਰੀ ਸੰਕਟ ਵੱਲ ਸੰਕੇਤ ਹੈ। ਭਾਵੇਂ ਔਰਤ ਨੂੰ ਅਤਿਆਚਾਰਾਂ ਰਾਹੀਂ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਸ ਨਾਟਕ ਦੀਆਂ ਔਰਤ ਪਾਤਰਾਂ ਸਥਿਤੀ ਨਾਲ ਟੱਕਰ ਲੈਂਦੀਆਂ ਹਨ। ਮਨੀਸ਼ਾ ਦਾ ਲਲਿਤ ਸੇਠ ਵਿਰੁੱਧ ਐਫ਼. ਆਈ. ਆਰ. ਲਿਖਵਾਉਣਾ ਅਤੇ ਕਚਹਿਰੀ ਤੱਕ ਪਹੁੰਚ ਕਰਨਾ ਅਤੇ ਹੋਰ ਔਰਤ ਅਦਾਕਾਰਾਂ ਵਲੋਂ ਕਾਰਵਾਈ ਕਰਨ ਦੀ ਦ੍ਰਿੜ੍ਹਤਾ ਉਹਨਾਂ ਦੇ ਬਾਗ਼ੀ ਸੁਭਾਅ ਦਾ ਸਬੂਤ ਹੈ। ਇਸ ਨਾਟਕ ਵਿਚ ਉਹ ਵੇਰਵੇ ਵੀ ਮੌਜੂਦ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਲਲਿਤ ਸੇਠ, ਡਾ. ਡੈਸ਼ ਅਤੇ ਪ੍ਰੋ. ਨੁਕਰਾ ਵਰਗੇ ਲੋਕ ਕਿੰਨੇ ਦੰਭੀ ਹਨ। ਇਹ ਸਭ ਬਹਿਰੂਪੀਏ ਹਨ। ਲਲਿਤ ਸੇਠ ਝੂਠੀਆਂ ਗਵਾਈਆਂ ਅਤੇ ਆਪਣੇ ਉੱਚ ਸੰਬੰਧਾਂ ਦੀ ਵਜ੍ਹਾ ਨਾਲ ਮਨੀਸ਼ਾ ਤੋਂ ਕੇਸ ਜਿੱਤ ਜਾਂਦਾ ਹੈ।

ਇਸ ਨਾਟਕ ਦੇ ਪੰਜਵੇਂ ਤੇ ਆਖ਼ਰੀ ਅੰਕ ਵਿਚ ਨਾਟਕਕਾਰ ਜਸੂਜਾ ਆਪ ਇਕ ਟਿੱਪਣੀਕਾਰ ਦੇ ਰੂਪ 'ਚ ਪੇਸ਼ ਹੁੰਦਾ ਹੈ। ਉਹ ਸੰਕੇਤ ਦਿੰਦਾ ਹੈ ਕਿ ਪਰੀਆਂ ਨੂੰ ਇਕੱਲਿਆਂ ਨਹੀਂ ਬਲਕਿ ਇਕਮੁੱਠ ਹੋ ਕੇ ਸਮਾਜ ਨਾਲ ਟੱਕਰ ਲੈਣੀ ਚਾਹੀਦੀ ਹੈ। ਇਕੱਲੀ ਪਰੀ ਦੇ ਪਰ ਕੱਟ ਦਿੱਤੇ ਜਾਂਦੇ ਹਨ ਪਰ ਇਕੱਠੀਆਂ ਪਰੀਆਂ ਦੇ ਪਰ ਅਦਿੱਖ ਹੋ ਜਾਣਾ ਬਹੁਲਤਾ ਵਿਚ ਏਕਤਾ ਦਾ ਪ੍ਰਤੀਕ ਹੈ। ਨਾਟਕ ਇਹਨਾਂ ਬੋਲਾਂ ਨਾਲ ਖ਼ਤਮ ਹੋ ਜਾਂਦਾ ਹੈ ਕਿ "ਨਾਟਕ ਖ਼ਤਮ ਨਹੀਂ ਹੋਇਆ, ਨਾਟਕ ਤਾਂ ਹੁਣ ਸ਼ੁਰੂ ਹੋ ਰਿਹਾ ਹੈ।"

ਪਰੀਆਂ ਨਾਟਕ ਦਾ ਕਥਾਨਕ :-

ਨਾਟਕ ਦੀ ਸਫ਼ਲਤਾ ਉਸ ਦੀ ਕਥਾਨਕ ਯੋਜਨਾ ਉੱਪਰ ਨਿਰਭਰ ਹੁੰਦੀ ਹੈ। ਇਥੇ ਅਸੀਂ ਕਥਾਨਕ ਦੇ ਪੱਖ ਤੋਂ

'ਪਰੀਆਂ' ਨਾਟਕ ਨੂੰ ਵਿਚਾਰਨ ਦੀ ਯੋਜਨਾ ਬਣਾਈ ਹੈ। ਪਿੱਛੇ ਜੋ ਅਸੀਂ ਨਾਟਕ ਦੀ ਕਥਾ ਬਾਰੇ ਗੱਲ ਕਰ ਆਏ ਹਾਂ ਉਹ ਤਾਂ ਨਾਟਕ ਦੀ ਕੱਚੀ ਸਮੱਗਰੀ ਹੁੰਦੀ ਹੈ। ਇਸ ਨੂੰ ਨਾਟਕਕਾਰ ਨੇ ਘੜ-ਤਰਾਸ਼ ਕੇ ਕਿਸੇ ਵਿਉਂਤਬੱਧ ਤਰੀਕੇ ਨਾਲ ਇਕ ਤਰਤੀਬ 'ਚ ਪੇਸ਼ ਕਰਨਾ ਹੁੰਦਾ ਹੈ। ਕਥਾ ਦੇ ਅਰਥਾਂ ਦਾ ਹੋਰ ਪ੍ਰਸਾਰ ਕਰਨ ਲਈ ਨਾਟਕਕਾਰ ਉਸ ਨੂੰ ਪੁਨਰ ਸੰਗਠਿਤ ਕਰਦਾ ਹੈ। ਕਥਾਨਕ ਅਨੁਸਾਰ ਕਹਾਣੀ ਨੂੰ ਪਾਤਰਾਂ ਰਾਹੀਂ ਘਟਨਾਵਾਂ ਦੇ ਦੌਰ 'ਚੋਂ ਗੁਜ਼ਰਦੇ ਹੋਇਆਂ ਦਰਸਾਇਆ ਜਾਂਦਾ ਹੈ। ਇਹ ਗੱਲ ਵੀ ਜਾਣ ਲੈਣੀ ਜ਼ਰੂਰੀ ਹੈ ਕਿ ਕੋਈ ਵਿਚਾਰ ਰੂਪਾਂਤਰਿਤ ਹੋ ਕੇ ਹੀ ਕਲਾ ਜਾਂ ਸਾਹਿਤ ਦਾ ਰੂਪ ਧਾਰਦਾ ਹੈ। ਰੂਪਾਂਤਰਨ ਦੀ ਪ੍ਰਕਿਰਿਆ ਵਿਚ ਪੈ ਕੇ ਉਸ ਦਾ ਰੂਪ ਬਦਲ ਜਾਂਦਾ ਹੈ। ਕਥਾਨਕ ਜਾਂ ਪਲਾਟ ਦੀ ਦ੍ਰਿਸ਼ਟੀ ਤੋਂ 'ਪਰੀਆਂ' ਨਾਟਕ ਇਕ ਮਹੱਤਵਪੂਰਨ ਰਚਨਾ ਹੈ। ਇਸ ਨਾਟਕ ਦੀ ਬਾਹਰਲੀ ਬਣਤਰ ਹੀ ਸਿਰਫ਼ ਪੰਜ ਅੰਕਾਂ ਦੀ ਨਹੀਂ ਬਲਕਿ ਅੰਕਾਂ ਨੂੰ ਅੱਗੋਂ ਦ੍ਰਿਸ਼ਾਂ ਵਿਚ ਨਾ ਵੰਡ ਕੇ ਵੱਖ-ਵੱਖ ਝਾਕੀਆਂ ਵਿਚ ਬਿਰਤਾਂਤ ਜਾਂ ਬਿਆਨਕਾਰੀ ਦੀ ਵਿਉਂਤ ਵਰਤ ਕੇ ਕਾਰਜ ਦਾ ਵਿਕਾਸ ਦਰਸਾਇਆ ਗਿਆ ਹੈ। ਇਹ ਗੱਲ ਬਹੁਤ ਦਿਲਚਸਪ ਹੈ ਕਿ ਸਬਜ਼ ਪਰੀ, ਲਾਲ ਪਰੀ ਅਤੇ ਨੀਲਮ ਪਰੀ ਦੀ ਜੀਵਨੀ ਉੱਪਰ ਬਿਆਨੀਆ ਲਹਿਜ਼ੇ 'ਚ ਰੌਸ਼ਨੀ ਪਾਈ ਗਈ ਹੈ। ਨਾਟਕ ਵਿਚ ਕਈ ਥਾਵਾਂ 'ਤੇ ਕਾਰਜਸ਼ੀਲ ਪਾਤਰਾਂ ਨੂੰ ਵਿਖਾ ਕੇ ਨਾਟਕ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ।

ਨਾਟਕ ਦੇ ਕਥਾਨਕ ਵਿਚ ਪਰ ਨਿਕਲ ਆਉਣ ਵਾਲੀ ਸਿੱਥ ਵਾਲੀ ਜੁਗਤ ਨੂੰ ਬਹੁਤ ਹੀ ਪਰਪੱਕਤਾ ਨਾਲ ਪੇਸ਼ ਕੀਤਾ ਹੈ। ਇਸ ਸਿੱਥ ਨੂੰ ਕ੍ਰਾਂਤੀਕਾਰੀ ਵਿਚਾਰਾਂ ਵਾਲੀਆਂ ਔਰਤਾਂ ਦੇ ਚਿੰਨ੍ਹ ਵਜੋਂ ਪੇਸ਼ ਕੀਤਾ ਗਿਆ ਹੈ। ਨਾਟਕ ਅੰਦਰ ਨਾਟਕ ਵਾਲੀ ਵਿਉਂਤ ਵਰਤਣਾ ਵੀ ਕਥਾਨਕ ਦਾ ਇਕ ਮਹੱਤਵਪੂਰਨ ਅੰਗ ਹੈ। 'ਪਰੀਆਂ' ਨਾਟਕ ਦੀ ਤੀਜੇ ਅੰਕ ਵਿਚ ਸਰੋਜ ਦੀ ਸੰਕਟਮਈ ਵਿਆਹੁਤਾ ਜ਼ਿੰਦਗੀ ਦੇ ਯਥਾਰਥ ਦਾ ਪ੍ਰਗਟਾਵਾ ਨਾਵਲ ਅੰਦਰ ਨਾਟਕ ਦੀ ਵਿਉਂਤ ਰਾਹੀਂ ਕੀਤਾ ਗਿਆ ਹੈ। ਇਸ ਤਰ੍ਹਾਂ ਨਾਟਕਕਾਰ ਗੁਰਚਰਨ ਸਿੰਘ ਜਸੂਜਾ ਨੇ ਪਹਿਲੇ ਨਾਟਕਕਾਰਾਂ ਦੀ ਪਰੰਪਰਕ ਸਮਾਜਕ ਯਥਾਰਥਵਾਦ ਦੀ ਵਿਧੀ ਅਪਣਾਉਣ ਦੇ ਨਾਲ-ਨਾਲ ਆਧੁਨਿਕ ਦੌਰ ਦੀਆਂ ਨਾਟਕੀ ਵਿਉਂਤਾਂ, ਜੁਗਤਾਂ ਨੂੰ ਅਪਣਾ ਕੇ ਆਪਣੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਨਾਟਕੀ ਅੰਦਾਜ਼ 'ਚ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ।

ਪਰੀਆਂ ਨਾਟਕ ਦਾ ਵਿਸ਼ਾ-ਵਸਤੂ :-

ਇਸ ਭਾਗ ਵਿਚ ਅਸੀਂ 'ਪਰੀਆਂ' ਨਾਟਕ ਦੇ ਵਿਸ਼ਾ-ਵਸਤੂ ਦਾ ਅਧਿਐਨ ਕਰਾਂਗੇ। ਕਿਸੇ ਰਚਨਾ ਦਾ ਵਿਸ਼ੈਗਤ ਅਧਿਐਨ ਕਰਦਿਆਂ ਇਸ ਗੱਲ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਹੈ ਕਿ ਇਸ ਵਿਚ ਜੀਵਨ ਨਾਲ ਸੰਬੰਧਤ ਕਿੰਨ੍ਹਾਂ ਮਾਨਵੀ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਵਿਸ਼ਾ ਜਾਂ ਥੀਮ ਬਹੁਤ ਹੀ ਸੂਖ਼ਮ ਹੁੰਦਾ ਹੈ, ਜਿਸ ਲਈ ਰਚਨਾ ਵਿਚ ਪੇਸ਼ ਵਿਚਾਰ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਹੁੰਦੀ ਹੈ। ਪਿਆਰੇ ਵਿਦਿਆਰਥੀਓ ਇਹ ਗੱਲ ਸਮਝ ਲੈਣੀ ਬਹੁਤ ਜ਼ਰੂਰੀ ਹੈ ਕਿ ਵਿਸ਼ਾ ਜਾਂ ਥੀਮ ਕਿਸੇ ਰਚਨਾ ਦੀ ਜਿੰਦ-ਜਾਨ ਹੁੰਦੀ ਹੈ। ਲੇਖਕ ਦਾ ਮੁੱਖ ਮਕਸਦ ਆਪਣੇ ਵਿਸ਼ੇ ਨੂੰ ਸ਼ਬਦਾਂ ਦਾ ਜਾਮਾ ਪਹਿਨਾਅ ਕੇ ਪਾਠਕਾਂ ਤੱਕ ਪਹੁੰਚਾਉਣਾ ਹੁੰਦਾ ਹੈ। ਵਿਸ਼ਾ-ਵਸਤੂ ਅਤੇ ਕਲਾ ਕਿਰਤ ਇਕ ਦੂਜੇ ਨਾਲ ਇਕ ਸੁਰ ਹੁੰਦੇ ਹਨ। ਹੁਣ ਅਸੀਂ ਪਰੀਆਂ ਨਾਟਕ ਦੇ ਵਿਸ਼ੇ ਨਾਲ ਸਾਂਝ ਪਾਉਣ ਦੀ ਕੋਸ਼ਿਸ਼ ਕਰਦੇ ਹਾਂ।

ਇਸ ਨਾਟਕ ਦਾ ਵਿਸ਼ਾ ਔਰਤਾਂ ਦੀ ਚੇਤਨਾ 'ਚ ਆ ਰਹੇ ਪਰਿਵਰਤਨ ਨਾਲ ਸੰਬੰਧਤ ਹੈ। ਬਦਲ ਰਹੇ ਆਲਮੀ ਦੌਰ, ਜਿੱਥੇ ਆਰਥਿਕ, ਸਮਾਜਿਕ ਅਤੇ ਸਿਆਸੀ ਹਾਲਤ ਵਿਚ ਤਬਦੀਲੀ ਆਈ ਹੈ। ਸੂਚਨਾ ਤਕਨਾਲੋਜੀ ਦੇ ਨਵੇਂ ਦੌਰ ਕਾਰਨ ਹੋ ਰਹੇ ਕ੍ਰਾਂਤੀਕਾਰੀ ਪਰਿਵਰਤਨ ਨੇ ਅਜੋਕੀ ਔਰਤ ਦੀ ਹਾਲਤ ਅਤੇ ਨੌਕਰੀਪੇਸ਼ਾ ਔਰਤਾਂ ਦੇ ਵਿਚਾਰਾਂ 'ਚ ਢੇਰ ਤਬਦੀਲੀਆਂ ਲਿਆਂਦੀਆਂ ਹਨ। ਇਸ ਦੇ ਨਾਲ-ਨਾਲ ਨਾਰੀ ਮਾਨਸਿਕਤਾ ਵੀ ਆਜ਼ਾਦ ਖ਼ਿਆਲਾਂ ਦੀ ਹੋਣ ਲੱਗੀ ਹੈ। ਇਹ ਪਰਿਵਰਤਨ ਸਾਡੀ ਪਰੰਪਰਕ ਸੋਚ ਉੱਪਰ ਕਈ ਸਵਾਲੀਆ ਨਿਸ਼ਾਨ ਲਾਉਂਦਾ ਹੈ। ਅੱਜ ਦੀ ਨਾਰੀ ਸਾਡੀਆਂ ਪਿਤਾ-ਪੁਰਖੀ ਅਖੌਤੀ ਕਦਰਾਂ-ਕੀਮਤਾਂ ਸਾਹਮਣੇ ਵੰਗਾਰ ਬਣ ਕੇ ਉਭਰ ਰਹੀ ਹੈ। 'ਪਰੀਆਂ' ਨਾਟਕ ਦੀਆਂ ਔਰਤ ਅਦਾਕਾਰਾਂ ਮਿਸਿਜ਼ ਮਹਿਤਾ, ਮਨੀਸ਼ਾ, ਰਾਜੀ, ਮੋਹਣੀ, ਸਰੋਜ, ਚੰਦਰਕਾ ਅਤੇ ਉਪਾਸਨਾ ਦਾ ਦੁਖਾਂਤ ਇਸ ਕਥਾ ਵਿਚ ਪੇਸ਼ ਕੀਤਾ ਗਿਆ ਹੈ। ਇਹਨਾਂ ਔਰਤਾਂ ਨਾਲ ਹੋ ਰਹੀਆਂ ਵਧੀਕੀਆਂ ਕਾਰਨ ਇਹ ਸਮਝੌਤਾਵਾਦੀ ਨੀਤੀ ਨਹੀਂ ਅਪਣਾਉਂਦੀਆਂ, ਸਗੋਂ ਸਥਿਤੀ ਨਾਲ ਡਟ ਕੇ ਦਸਤਪੰਜਾ ਲੈਂਦੀਆਂ ਹਨ। ਇਸ ਨਾਟਕ ਦੇ ਵੇਰਵੇ ਦੱਸਦੇ ਹਨ ਕਿ ਮਨੀਸ਼ਾ ਲਲਿਤ ਸੇਠ ਖ਼ਿਲਾਫ਼ ਐਫ਼. ਆਈ. ਆਰ. ਦਰਜ਼ ਕਰਾਉਂਦੀ ਹੈ। ਉਹ ਕਚਹਿਰੀ ਤੱਕ ਵੀ ਪਹੁੰਚ ਕਰਦੀ ਹੈ। ਸਰੋਜ ਅਤੇ ਚੰਦਰਕਾ ਹਾਲਤ ਨਾਲ ਸਮਝੌਤਾ ਕਰਨ ਦੀ ਬਜਾਏ ਪੇਕੇ ਘਰ ਚਲੀਆਂ ਜਾਂਦੀਆਂ ਹਨ। ਉਪਾਸਨਾ ਪ੍ਰੋ. ਨੁਕਰਾ ਨੂੰ ਕਚਹਿਰੀ ਵਿਚ ਸਬਕ ਸਿਖਾਉਣ ਲਈ ਬਜਿਦ ਹੈ, ਜਦਕਿ ਰਾਜੀ ਡਾ.

ਡੈਸ਼ ਦਾ ਪਰਦਾਫਾਸ਼ ਕਰਨ ਦੀ ਤਾਂਘ ਰੱਖਦੀ ਹੈ।

ਦਰਅਸਲ ਨਾਟਕ 'ਪਰੀਆਂ' ਵਿਚ ਸਾਡੀ ਵਿਆਹ ਪ੍ਰਣਾਲੀ ਉੱਪਰ ਵਿਅੰਗ ਕੱਸਿਆ ਗਿਆ ਹੈ। ਮਨੀਸ਼ਾ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਮਿਸਿਜ਼ ਮਹਿਤਾ ਨਾਲ ਤਰਕ-ਭਰਪੂਰ ਗੱਲਾਂ ਕਰਦੀ ਹੈ। ਵਰਸ਼ਾ ਦੇ ਜਦ ਪਰ ਨਿੱਕਲ ਆਉਂਦੇ ਹਨ ਤਾਂ ਉਹ ਜਗਦੀਸ਼ ਦੀਆਂ ਝੂਠ ਬੋਲਣ ਦੀਆਂ ਆਦਤਾਂ ਅਤੇ ਮੂੰਹ ਮੁਲਾਹਜ਼ੇ ਵਾਲੇ ਵਿਹਾਰ ਦੀ ਮੁਖ਼ਾਲਫ਼ਤ ਕਰਦੀ ਹੈ। ਧਰਮ ਅਤੇ ਮੌਜੂਦਾ ਨਿਆਂ ਪ੍ਰਣਾਲੀ ਉੱਪਰ ਕਟਾਖ਼ਸ਼ ਵੀ 'ਪਰੀਆਂ' ਨਾਟਕ ਦੇ ਵਿਸ਼ੇ ਦਾ ਹਿੱਸਾ ਬਣਦਾ ਹੈ। ਲਲਿਤ ਸੇਠ ਅਤੇ ਡਾ. ਡੈਸ਼ ਵਰਗੇ ਅਖੌਤੀ ਮਹਾਂਦਾਨੀ ਮੁਲਾਜ਼ਮਾਂ ਦਾ ਆਰਥਿਕ ਤੇ ਸਰੀਰਕ ਸ਼ੋਸ਼ਣ ਕਰਦੇ ਹਨ। ਜਿੱਥੇ ਇਕ ਪਾਸੇ ਲਲਿਤ ਸੇਠ ਰਮੇਸ਼ ਅਤੇ ਮਿਸਿਜ਼ ਮਹਿਤਾ ਨੂੰ ਛੋਟੇ-ਛੋਟੇ ਲਾਲਚ, ਅਤੇ ਡਰਾਵੇ ਦੇ ਕੇ ਝੂਠੀਆਂ ਗਵਾਹੀਆਂ ਦੁਆਉਂਦਾ ਹੈ ਅਤੇ ਮਨੀਸ਼ਾ ਦੇ ਵਿਰੁੱਧ ਕੇਸ ਜਿੱਤ ਜਾਂਦਾ ਹੈ। ਉਥੇ ਡਾ. ਡੈਸ਼ ਨਕਲੀ ਦਵਾਈਆਂ ਬਣਾਉਣ ਦਾ ਘਿਨਾਉਣਾ ਜ਼ੁਰਮ ਕਰਦਾ ਵਿਖਾਇਆ ਗਿਆ ਹੈ। ਪ੍ਰੋ. ਨੁਕਰਾ ਮੰਦਰ ਜਾ ਕੇ ਉਪਾਸਨਾ ਨਾਲ ਗੰਧਰਵ ਵਿਆਹ ਰਚਾਉਂਦਾ ਹੈ ਪਰ ਉਸ ਦੇ ਬੱਚੇ ਦੀ ਮਾਂ ਬਣਨ ਵਾਲੀ ਆਪਣੀ ਪਤਨੀ ਨੂੰ ਤਿਆਗ ਦਿੰਦਾ ਹੈ। ਇਉਂ 'ਪਰੀਆਂ' ਨਾਟਕ ਵਿਚ ਧਰਮ ਨੂੰ ਆਪਣੇ ਸਵਾਰਥੀ ਹਿੱਤਾਂ ਲਈ ਵਰਤਣ ਦੇ ਰੁਝਾਨ ਨੂੰ ਬਹੁਤ ਹੀ ਗੰਭੀਰਤਾ ਨਾਲ ਦਰਸਾਇਆ ਗਿਆ ਹੈ। ਕੁੱਲ ਮਿਲਾ ਕੇ ਇਸ ਨਾਟਕ ਵਿਚ ਔਰਤ ਮਰਦ ਦੀ ਗ਼ੁਲਾਮੀ ਤੋਂ ਆਜ਼ਾਦ ਹੋਣ ਲਈ ਤਤਪਰ ਹੈ।

ਇਕ ਪਾਤਰ ਰਾਜੀ ਆਪਣਾ ਕ੍ਰਾਂਤੀਕਾਰੀ ਨਜ਼ਰੀਆ ਪੇਸ਼ ਕਰਦੀ ਹੋਈ ਆਖਦੀ ਹੈ, "ਮੈਂ ਨਹੀਂ ਮੰਨਦੀ ਕਿ ਔਰਤ ਹੀ ਅਬਲਾ ਹੈ। ਇਹ ਵੀ ਮਰਦਾਂ ਦਾ ਫੈਲਾਇਆ ਹੋਇਆ ਭਰਮਜਾਲ ਹੈ। ਜਿਸ ਵਿਚ ਅਸੀਂ ਸਾਰੇ ਫਸੇ ਹੋਏ ਹਾਂ। ਇਸ ਨੂੰ ਤੋੜਨਾ ਪਏਗਾ। ਨਾਰੀ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਨਹੀਂ, ਵਰਨਾ ਕਿਹੜਾ ਕੰਮ ਐਸਾ ਹੈ ਕਿ ਜਿਹੜਾ ਮਰਦ ਕਰ ਸਕਦੇ ਨੇ ਤੇ ਔਰਤਾਂ ਨਹੀਂ ਕਰ ਸਕਦੀਆਂ।

ਸਮੁੱਚੇ ਤੌਰ 'ਤੇ ਵੇਖਿਆ ਜਾਏ ਤਾਂ ਜਸੂਜਾ ਦਾ ਇਹ ਨਾਟਕ ਵੀ ਸਮਾਜ ਦੇ ਯਥਾਰਥ ਦੀ ਪੇਸ਼ਕਾਰੀ ਨੂੰ ਆਪਣਾ ਥੀਮ ਬਣਾਉਂਦਾ ਹੈ। ਪਰ ਇਸ ਨਾਟਕ ਅੰਦਰ ਪੇਸ਼ ਪਰੀਆਂ ਦੀ ਮਿੱਥ ਵਾਲੀ ਨਾਟਕੀ ਜੁਗਤ ਇਸ ਨੂੰ ਨਾਟਕਕਾਰ ਦੇ ਹੋਰਨਾਂ ਨਾਟਕਾਂ ਤੋਂ ਵਿਲੱਖਣ ਬਣਾ ਦਿੰਦੀ ਹੈ। ਕੁੱਲ ਮਿਲਾ ਕੇ 'ਪਰੀਆਂ' ਨਾਟਕ ਦਾ ਵਿਸ਼ਾ ਸਮਾਜ, ਧਰਮ ਅਤੇ ਪ੍ਰਸ਼ਾਸਨ ਪ੍ਰਬੰਧ 'ਚ ਪੈਰ ਪਸਾਰੀ ਬੈਠੀਆਂ ਕੁਰੀਤੀਆਂ ਨੂੰ ਵਿਅੰਗਮਈ ਦ੍ਰਿਸ਼ਟੀਕੋਣ ਤੋਂ ਪਾਠਕਾਂ/ਦਰਸ਼ਕਾਂ ਸਾਹਮਣੇ ਪੇਸ਼ ਕਰਦਾ ਹੈ।

ਪਾਤਰ-ਚਿੱਤਰਣ ਕਲਾ ਅਤੇ ਪਰੀਆਂ ਨਾਟਕ ਦੀ ਪਾਤਰ ਉਸਾਰੀ :-

ਪਿਆਰੇ ਵਿਦਿਆਰਥੀਓ, ਨਾਟਕ 'ਪਰੀਆਂ' ਦੇ ਵਿਭਿੰਨ ਪੱਖਾਂ ਉੱਪਰ ਰੌਸ਼ਨੀ ਪਾਉਣ ਤੋਂ ਬਾਅਦ ਹੁਣ ਅਸੀਂ ਇਸ ਨਾਟਕ ਦੀ ਪਾਤਰ ਉਸਾਰੀ ਤੇ ਇਸ ਦੇ ਪ੍ਰਮੁੱਖ ਪਾਤਰਾਂ ਦਾ ਸੰਖੇਪ ਜਿਹਾ ਲੇਖਾ-ਜੋਖਾ ਕਰਾਂਗੇ। ਇਥੇ ਗੱਲ ਯਾਦ ਦੁਆਉਣੀ ਬੇਹੱਦ ਜ਼ਰੂਰੀ ਹੈ ਕਿ ਸਾਡੀ ਵਿਆਖਿਆ ਨੂੰ ਪੜ੍ਹਨ ਤੋਂ ਪਹਿਲਾਂ ਤੁਹਾਨੂੰ 'ਪਰੀਆਂ' ਨਾਟਕ ਦੀ ਟੈਕਸਟ ਨੂੰ ਪੜ੍ਹ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਤੁਹਾਨੂੰ ਸਵਾਲਾਂ ਦੇ ਜਵਾਬ ਤਿਆਰ ਕਰਨ 'ਚ ਹੋਰ ਅਸਾਨੀ ਹੋਵੇਗੀ। ਹੁਣ ਤੱਕ ਅਸੀਂ ਇਹ ਵੀ ਜਾਣ ਚੁੱਕੇ ਹਾਂ ਕਿ ਨਾਟਕ ਵਿਚ ਕਥਾਨਕ/ਪਲਾਟ ਦੀ ਪੇਸ਼ਕਾਰੀ ਵਾਰਤਾਲਾਪ ਅਤੇ ਪਾਤਰਾਂ ਦੇ ਕਾਰਜਾਂ ਰਾਹੀ ਹੁੰਦੀ ਹੈ। ਇਸ ਪੇਸ਼ਕਾਰੀ ਵਿਚ ਹਿੱਸਾ ਲੈਣ ਵਾਲੇ ਕਲਾਕਾਰਾਂ ਨੂੰ ਪਾਤਰ ਕਿਹਾ ਜਾਂਦਾ ਹੈ। ਨਾਟਕ ਵਿਚ ਪਾਤਰਾਂ ਨੂੰ ਮਹੱਤਵਪੂਰਨ ਸਥਾਨ ਹਾਸਲ ਹੁੰਦਾ ਹੈ। ਨਾਟਕਕਾਰ ਆਪਣੀ ਰਚਨਾ ਨੂੰ ਵੱਧ-ਤੋਂ-ਵੱਧ ਯਥਾਰਥਕ ਰੂਪ 'ਚ ਪਾਠਕਾਂ/ਦਰਸ਼ਕਾਂ ਸਾਹਮਣੇ ਪੇਸ਼ ਕਰਨ ਲਈ ਪਾਤਰਾਂ ਰਾਹੀ ਸੱਚ ਦਾ ਭਰਮ ਸਿਰਜਣਾ ਚਾਹੁੰਦਾ ਹੈ। ਅਜੋਕਾ ਨਾਟਕਕਾਰ ਮਿਲੇ ਜੁਲੇ ਤੇ ਸਾਧਾਰਨ ਪਾਤਰਾਂ ਨੂੰਪੇਸ਼ ਕਰਨ ਦੀ ਰੁੱਚੀ ਰੱਖਦਾ ਹੈ। ਇਹ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਪਾਤਰ ਆਪਣੀ ਸ਼੍ਰੇਣੀ ਜਾਂ ਭਾਈਚਾਰੇ ਦਾ ਪ੍ਰਤੀਨਿੱਧ ਹੋਵੇ।

ਪਿਆਰੇ ਵਿਦਿਆਰਥੀਓ, ਇਹ ਤਾਂ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਨਾਟਕ ਵਿਚ ਪਾਤਰਾਂ ਦੀ ਗਿਣਤੀ ਅਕਸਰ ਬਹੁਤਾਤ ਵਿਚ ਹੁੰਦੀ ਹੈ। ਇਹਨਾਂ 'ਚੋਂ ਕੁਝ ਕੇਂਦਰੀ ਪਾਤਰ, ਕੁਝ ਸਹਾਇਕ ਅਤੇ ਕੁਝ ਗੌਣ ਮਹੱਤਵ ਵਾਲੇ ਪਾਤਰ ਨਾਟਕ ਵਿਚ ਪੇਸ਼ ਕੀਤੇ ਜਾਂਦੇ ਹਨ। ਕੇਂਦਰੀ ਪਾਤਰਾਂ ਨੂੰ ਨਾਇਕ ਜਾਂ ਨਾਇਕਾ ਤੇ ਦੂਜੇ ਪਾਤਰਾਂ ਨੂੰ ਸਹਾਇਕ ਜਾਂ ਗੌਣ ਪਾਤਰਾਂ ਵਜੋਂ ਸਵੀਕਾਰਿਆ ਜਾਂਦਾ ਹੈ। ਇਹਨਾਂ ਪਾਤਰਾਂ ਦੇ ਇਕ-ਦੂਜੇ ਦੇ ਸੰਪਰਕ ਵਿਚ ਆ ਕੇ ਵਿਚਰਨ ਨਾਲ ਸਥਿਤੀਆਂ-ਪਰਿਸਥਿਤੀਆਂ ਅਤੇ ਘਟਨਾਵਾਂ ਜਨਮ ਲੈਂਦੀਆਂ ਹਨ। ਵਾਰਤਾਲਾਪ ਜਾਂ ਸੰਵਾਦ ਪਾਤਰਾਂ ਦੇ ਚਰਿੱਤਰ-ਚਿੱਤਰਣ ਨੂੰ ਬਿਆਨ ਕਰਨ 'ਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ।

'ਪਰੀਆਂ' ਨਾਟਕ ਵਿਚ ਪਾਤਰ ਯੋਜਨਾ ਇਕ ਦਰਜਨ ਤੋਂ ਵੱਧ ਮੁੱਖ ਪਾਤਰਾਂ ਅਤੇ ਦੋ ਦ੍ਰਿਸ਼ਾਂ ਨਾਲ ਬਣਾਈ ਗਈ ਹੈ। ਇਸ ਦੇ ਪਾਤਰ ਸਮਾਜ ਦੇ ਅਮੀਰ ਅਤੇ ਮੱਧ ਦੋਵਾਂ ਵਰਗਾਂ 'ਚੋਂ ਲਏ ਗਏ ਹਨ। ਇਸ ਨਾਟਕ ਦੀ ਪਾਤਰ-ਉਸਾਰੀ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਆਪੋ ਆਪਣੇ ਕਾਰਜਾਂ ਰਾਹੀਂ ਜੀਵਨ ਦੇ ਵਿਭਿੰਨ ਪੱਖਾਂ ਨੂੰ ਦਰਸਾਉਂਦੇ ਹਨ। ਇਸ ਦੇ ਪਾਤਰ ਭਾਵੇਂ ਉਹ ਉੱਚ ਅਹੁਦੇ ਦੇ ਧਾਰਨੀ ਹੋਣ ਜਾਂ ਮੁਲਾਜ਼ਮ ਵਰਗ ਦੇ ਤੇ ਜਾਂ ਫਿਰ ਸਾਧਾਰਨ, ਸਭ ਦੀ ਸਮੁੱਚੀ ਪੇਸ਼ਕਾਰੀ ਔਰਤ ਉੱਪਰ ਹੋ ਰਹੇ ਦਮਨ ਅਤੇ ਉਸ ਦੇ ਕ੍ਰਾਂਤੀਕਾਰੀ ਵਿਚਾਰਾਂ ਦਾ ਪ੍ਰਗਟਾਵਾ ਹੁੰਦੀ ਹੈ। ਇਹ ਸਾਰੇ ਪਾਤਰ ਸਮਾਜਿਕ, ਆਰਥਿਕ, ਸਿਆਸੀ ਅਤੇ ਇਖ਼ਲਾਕੀ ਤੌਰ 'ਤੇ ਜਾਗਰੂਕ ਨਾਰੀ ਦੀ ਤਸਵੀਰ ਪੇਸ਼ ਕਰਦੇ ਹਨ। ਨਾਟਕ ਵਿਚ ਨੌ ਮਰਦ ਪਾਤਰ ਅਤੇ ਅੱਠ ਔਰਤ ਪਾਤਰ ਹਨ। ਲਲਿਤ ਸੇਠ, ਡਾ. ਡੈਸ਼ ਅਤੇ ਬਲਵੰਤ ਵਰਗੇ ਘਿਨਾਉਣੇ ਪਾਤਰ ਦਮਨਕਾਰੀ ਧਿਰ ਦੀ ਪ੍ਰਤੀਨਿਧਤਾ ਕਰਦੇ ਹਨ, ਜੋ ਹਮੇਸ਼ਾ ਨਾਰੀ ਦੇ 'ਪਰ' ਕੱਟ ਕੇ ਉਸਦਾ ਸ਼ੋਸ਼ਣ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਇਹ ਬਹੁਤ ਦਿਲਚਸਪ ਗੱਲ ਹੈ ਕਿ ਇਸ ਨਾਟਕ ਵਿਚ ਕੋਈ ਪਰੰਪਰਕ ਨਾਇਕ ਜਾਂ ਨਾਇਕਾ ਮੌਜੂਦ ਨਹੀਂ ਹੈ। ਇਸ ਵਿਚਲੀਆਂ ਸਾਰੀਆਂ ਔਰਤ ਪਾਤਰਾਂ ਇਸ ਨਾਟਕ ਦੀਆਂ ਨਾਇਕਾਵਾਂ ਹਨ, ਜੋ ਪਰ ਲੱਗਣ ਤੋਂ ਬਾਅਦ ਪਰੀਆਂ ਵਿਚ ਤਬਦੀਲ ਹੋ ਜਾਂਦੀਆਂ ਹਨ। ਇਹੀ ਪਰੀਆਂ ਪਾਠਕਾਂ/ਦਰਸ਼ਕਾਂ ਨੂੰ ਨਾਰੀ ਸ਼ਕਤੀ ਦਾ ਸੰਦੇਸ਼ ਦਿੰਦੀਆਂ ਹਨ। ਨਾਟਕ ਦੇ ਅਖ਼ੀਰ 'ਚ ਨਾਟਕਕਾਰ ਵਲੋਂ ਛੇਤੀ ਪਰਦਾ ਗਿਰਾ ਦੇਣ ਦਾ ਆਦੇਸ਼ ਇਸ ਨਾਟਕ ਅੰਦਰ ਇਕ ਹੋਰ ਰੋਚਕਤਾ ਭਰ ਦਿੰਦਾ ਹੈ। ਇਸ ਪਿੱਛੋਂ ਜਦੋਂ ਉਸ ਨੂੰ ਪਰੀਆਂ ਦੇ ਪੰਖ ਨਜ਼ਰ ਨਹੀਂ ਆਉਂਦੇ ਤਾਂ ਉਹ ਬਹੁਤ ਹੈਰਾਨੀ ਨਾਲ ਪੁੱਛਦਾ ਹੈ। ਉਸ ਦੇ ਜਵਾਬ 'ਚ ਪਰੀਆਂ ਜਵਾਬ ਦਿੰਦੀਆਂ ਹੋਈਆਂ ਕਹਿੰਦੀਆਂ ਹਨ ਕਿ,

"ਸਰੋਜ : ਸਾਡੇ ਪੰਖ ਹੁਣ ਇਨਵਿਜ਼ੀਬਲ ਹੋ ਗਏ ਨੇ।

ਸਬਜ਼ ਪਰੀ : ਹੁਣ ਸਾਡੇ ਪੰਖ ਅਦਿੱਖ ਹੋ ਗਏ ਨੇ।

ਸਾਰੀਆਂ ਪਰੀਆਂ : ਨਾਟਕ ਖ਼ਤਮ ਨਹੀਂ ਹੋਇਆ। ਨਾਟਕ ਤਾਂ ਹੁਣ ਸ਼ੁਰੂ ਹੋ ਰਿਹਾ ਹੈ। ...."

ਸਾਰੀਆਂ ਪਾਤਰਾਂ ਵਲੋਂ ਇਸ ਐਲਾਨ ਨਾਲ ਇਹ ਨਾਟਕ ਸਮਾਪਤ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪਾਤਰ ਉਸਾਰੀ ਪੱਖੋਂ ਨਾਟਕ 'ਪਰੀਆਂ' ਇਕ ਬਹੁਤ ਹੀ ਸ਼ਕਤੀਸ਼ਾਲੀ ਤੇ ਸਫ਼ਲ ਨਾਟਕ ਹੈ।

ਨਾਟਕ 'ਪਰੀਆਂ' ਉੱਤੇ ਆਲੋਚਨਾਤਮਕ ਟਿੱਪਣੀ :-

ਨਾਟਕਕਾਰ ਗੁਰਚਰਨ ਸਿੰਘ ਜਸੂਜਾ ਦੇ ਨਾਟਕ 'ਪਰੀਆਂ' ਦੀ ਵਿਸ਼ੇ-ਵਸਤੂ, ਕਥਾਨਕ, ਪਾਤਰ ਚਿਤਰਣ ਅਤੇ ਹੋਰਨਾਂ ਪੱਖਾਂ ਉੱਪਰ ਰੌਸ਼ਨੀ ਪਾਉਣ ਮਗਰੋਂ ਅਸੀਂ ਇਸ ਨਤੀਜੇ ਉੱਪਰ ਪਹੁੰਚਦੇ ਹਾਂ ਕਿ ਭਾਸ਼ਾ-ਸ਼ੈਲੀ, ਉਦੇਸ਼, ਸਿਰਲੇਖ ਤੇ ਰੰਗ-ਮੰਚ ਦੀ ਦ੍ਰਿਸ਼ਟੀ ਤੋਂ ਇਹ ਇਕ ਸਫ਼ਲ ਨਾਟਕ ਹੈ। ਨਾਟਕ ਦੀ ਸ਼ੁਰੂਆਤ ਤੋਂ ਅੰਤ ਤੱਕ ਇਸਦਾ ਇਕ ਬੱਝਵਾਂ ਪ੍ਰਭਾਵ ਪਾਠਕ/ਦਰਸ਼ਕ ਉੱਪਰ ਬਰਕਰਾਰ ਰਹਿੰਦਾ ਹੈ। ਨਾਟਕ ਦੀ ਯਥਾਰਥਕ ਸਮੱਸਿਆ ਨੂੰ ਨਾਟਕਕਾਰ ਜਸੂਜਾ ਨੇ ਪਰੀਆਂ ਦੀ ਇਕ ਵਿਲੱਖਣ ਸਿੱਥ ਰਾਹੀਂ ਪੇਸ਼ ਕੀਤਾ ਹੈ। ਉਸ ਦਾ ਮੁੱਖ ਉਦੇਸ਼ ਸਾਡੇ ਸਮਾਜ ਸਭਿਆਚਾਰ ਵਿਚ ਔਰਤਾਂ ਉੱਪਰ ਹੋ ਰਹੇ ਹਰ ਪ੍ਰਕਾਰ ਦੇ ਜ਼ੁਲਮ ਨੂੰ ਖ਼ਤਮ ਕਰਨਾ ਹੈ। ਇਸ ਲਈ ਉਹ ਔਰਤ ਪਾਤਰਾਂ ਦੇ ਪੰਖ ਉਗਾ ਕੇ ਉਹਨਾਂ ਵਿਚ ਸ਼ਕਤੀ ਦਾ ਇਕ ਅਹਿਸਾਸ ਪੈਦਾ ਕਰਦਾ ਹੈ। ਪਰੀਆਂ ਬਣਨ ਉਪਰੰਤ ਮਰਦ ਦੇ ਅਤਿਆਚਾਰਾਂ ਮੂਹਰੇ ਲਾਚਾਰ ਔਰਤਾਂ ਸ਼ੇਰਨੀਆਂ ਦਾ ਰੂਪ ਧਾਰ ਲੈਂਦੀਆਂ ਹਨ ਅਤੇ ਉਹ ਆਪਣੇ ਹੱਕਾਂ ਦੀ ਰਾਖੀ ਉੱਪਰ ਪਹਿਰਾ ਦੇਣ ਦੇ ਕਾਬਲ ਹੋ ਜਾਂਦੀਆਂ ਹਨ। ਇਸ ਸਮੁੱਚੇ ਵਿਸ਼ੇ ਨੂੰ ਪੇਸ਼ ਕਰਨ ਲਈ ਨਾਟਕਕਾਰ ਵਲੋਂ ਪ੍ਰਭਾਵਸ਼ਾਲੀ ਵਿਧੀ, ਵਿਉਂਤ ਅਤੇ ਜੁਗਤਾਂ ਦੀ ਵਰਤੋਂ ਕੀਤੀ ਗਈ ਹੈ। ਕੁੱਲ ਮਿਲਾ ਕੇ ਗੁਰਚਰਨ ਸਿੰਘ ਜਸੂਜਾ ਦਾ ਇਹ ਇਕ ਸਫ਼ਲ ਨਾਟਕ ਹੈ।

ਪ੍ਰਸ਼ਨ ਪੱਤਰ

1. ਪੰਜਾਬੀ ਨਾਟਕ ਦੇ ਆਰੰਭ ਤੇ ਵਿਕਾਸ ਉੱਪਰ ਚਰਚਾ ਕਰੋ।
2. ਪੰਜਾਬੀ ਨਾਟਕ ਵਿਚ ਨਾਟਕਕਾਰ ਗੁਰਚਰਨ ਸਿੰਘ ਜਸੂਜਾ ਦਾ ਕੀ ਸਥਾਨ ਹੈ ? ਵਿਚਾਰ ਕਰੋ।
3. ਜਸੂਜਾ ਦੇ ਨਾਟਕ 'ਪਰੀਆਂ' ਦਾ ਸੰਖੇਪ ਸਾਰ ਆਪਣੇ ਸ਼ਬਦਾਂ 'ਚ ਲਿਖੋ।

Notes

Notes